# **ਆਬਕਾਰੀ ਨੀਤੀ ਸਾਲ 2019-20**

ਪੰਜਾਬ ਰਾਜ ਵਿੱਚ ਸ਼ਰਾਬ ਦੇ ਕਾਰੋਬਾਰ ਨੂੰ ਨਿਯਮਬੱਧ ਕਰਨ ਲਈ, ਆਬਕਾਰੀ ਮਾਲੀਆ ਇੱਕਤਰ ਕਰਨ ਲਈ ਅਤੇ ਜਨਤਾ ਨੂੰ ਵਾਜਿਬ ਰੇਟ ਤੇ ਵਧੀਆ ਕੁਆਲਿਟੀ ਦੀ ਸ਼ਰਾਬ ਉਪਲਬਧ ਕਰਾਉਣ ਲਈ ਹਰ ਸਾਲ ਆਬਕਾਰੀ ਨੀਤੀ ਤਿਆਰ ਕੀਤੀ ਜਾਂਦੀ ਹੈ। ਆਬਕਾਰੀ ਨੀਤੀ 2019-20 ਹੇਠ ਲਿਖੇ ਅਨੁਸਾਰ ਹੈ:-

1.0 **ਦੇਸੀ ਸ਼ਰਾਬ ਦਾ ਉਤਪਾਦਨ** :-ਪੰਜਾਬ ਰਾਜ ਵਿੱਚ ਇਸ ਵੇਲੇ 16 ਡਿਸਟਿਲਰੀਆਂ ਚੱਲ ਰਹੀਆਂ ਹਨ, ਜਿਨ੍ਹਾਂ ਵਿਚੋਂ 15 ਡਿਸਟਿਲਰੀਆਂ ਦੇਸੀ ਸ਼ਰਾਬ ਦਾ ਉਤਪਾਦਨ ਕਰਦੀਆਂ ਹਨ। ਪੰਜਾਬ ਵਿੱਚ ਵਿਕਣ ਵਾਲੀ ਦੇਸੀ ਸ਼ਰਾਬ ਸਿਰਫ ਈ.ਐਨ.ਏ ਤੋਂ ਬਣਾਈ ਜਾਣੀ ਲਾਜ਼ਮੀ ਕੀਤੀ ਗਈ ਹੈ।

2.0 **ਦੇਸੀ ਸ਼ਰਾਬ ਦਾ ਕੋਟਾ**:- ਵਿੱਤੀ ਸਾਲ 2019-20 ਲਈ ਦੇਸੀ ਸਰਾਬ ਦਾ ਕੁੱਲ ਮਿਨਿਮਮ ਗਰੰਟੀਡ ਕੋਟਾ (Minimum Guaranteed Quota) **636** ਲੱਖ ਪਰੂਫ ਲਿਟਰ ਨਿਰਧਾਰਤ ਕੀਤਾ ਗਿਆ ਹੈ, ਠੇਕੇਦਾਰਾਂ ਲਈ ਇਹ ਨਿਰਧਾਰਿਤ ਮਿਨਿਮਮ ਗਰੰਟੀਡ ਕੋਟਾ ਚੁੱਕਣਾ ਲਾਜਮੀ ਹੋਵੇਗਾ।

ਪੰਜਾਬ ਪੱਧਰ ਤੇ ਇਸ ਮਿਨਿਮਮ ਗਰੰਟੀਡ ਕੋਟੇ ਨੂੰ ਆਬਕਾਰੀ ਤੇ ਕਰ ਕਮਿਸ਼ਨਰ ਮੰਡਲਾਂ/ਜੋਨਾਂ ਵਿੱਚ, ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਮੰਡਲ ਦੇ ਜਿਲਿਆਂ/ਰੇਂਜਾਂ ਵਿੱਚ ਅਤੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਜਿਲ੍ਹੇ ਦੇ ਆਬਕਾਰੀ ਸਰਕਲਾਂ ਵਿੱਚ ਅਸਲ ਕੋਟੇ ਦੀ ਖਪਤ ਦੇ ਅਧਾਰ **ਤੇ** ਵੰਡਣਗੇ। ਫਿਰ ਇਹ ਮਿਨਿਮਮ ਗਰੰਟੀਡ ਕੋਟਾ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿੱਚ ਵੱਖ-ਵੱਖ ਸ਼ਰਾਬ ਦੇ ਠੇਕਿਆਂ ਦੇ ਲਸੰਸਿੰਗ ਯੂਨਿਟਾਂ/ਗਰੁਪ ਜਾਂ ਜੋਨ ਦਰਮਿਆਨ ਜਿਲ੍ਹਾ ਅਧਿਕਾਰੀਆਂ ਵੱਲੋ ਸਬਮਿਟ ਕੀਤੇ ਅਸਲ ਖਪਤ (Actual Potential) ਦੇ ਆਧਾਰ ਤੇ ਵੰਡ ਦਿੱਤਾ ਜਾਵੇਗਾ। ਕਿਸੇ ਇੱਕ ਸ਼ਹਿਰੀ ਇਲਾਕੇ ਦੇ ਸਾਰੇ ਅਤੇ ਕਿਸੇ ਇੱਕ ਪਿੰਡ ਵਿੱਚ ਇੱਕ ਤੋਂ ਵੱਧ ਲਸੰਸਿੰਗ ਯੂਨਿਟ/ਗਰੁੱਪ ਅਤੇ ਜੋਨ ਲਈ, ਪੀ.ਐਮ.ਐਲ., ਆਈ.ਐਮ.ਐਫ.ਐਲ. ਅਤੇ ਬੀਅਰ ਦਾ ਕੋਟਾ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੁਆਰਾ ਮੰਗ ਅਤੇ ਪਿਛਲੀ ਐਲੋਕੇਸਨ ਦੇ ਆਧਾਰ ਤੇ ਨਿਸਚਿਤ ਕੀਤਾ ਜਾਵੇਗਾ। ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦਾ ਲਸੰਸਿੰਗ ਯੂਨਿਟ/ ਗਰੁੱਪ ਅਤੇ ਜੋਨ ਵਾਈਜ ਕੋਟਾ ਪਰੂਫ ਲੀਟਰਾਂ ਵਿੱਚ ਅਤੇ ਬੀਅਰ ਦਾ ਕੋਟਾ ਬਲਕ ਲੀਟਰਾਂ ਵਿੱਚ ਅਤੇ ਉਸ ਦੀ ਬਣਦੀ ਲਾਇਸੰਸ ਫੀਸ ਅਤੇ ਆਬਕਾਰੀ ਡਿਊਟੀ ਚਾਹਵਾਨ ਬਿਨੈਕਾਰਾਂ ਨੂੰ ਲਾਟਰੀ ਦੇ ਡਰਾਅ ਕੱਢਣ ਤੋਂ ਪਹਿਲਾਂ ਸੂਚਨਾਂ ਲਈ ਉੱਘੇ ਤੌਰ ਤੇ ਪ੍ਰਦਰਸ਼ਿਤ ਕੀਤੀ ਜਾਵੇਗੀ।

3.0 **ਦੇਸੀ ਸ਼ਰਾਬ ਦੇ ਫਿਕਸ ਅਤੇ ਓਪਨ ਕੋਟੇ ਦਾ ਅਨੁਪਾਤ ਅਤੇ ਉਸਦੀ ਲਿਫਟਿੰਗ :-** ਹਰ ਸਾਲ ਆਬਕਾਰੀ ਨੀਤੀ ਵਿੱਚ ਠੇਕੇਦਾਰ ਨੂੰ ਆਪਣੇ ਕੋਟੇ ਵਿੱਚੋਂ ਕੁੱਝ ਹਿੱਸਾ ਵਿਭਾਗ ਦੁਆਰਾ ਨਿਰਧਾਰਤ ਕੀਤੀ ਡਿਸਟਿਲਰੀ ਤੋਂ ਚੁੱਕਣਾ ਲਾਜ਼ਮੀ ਕੀਤਾ ਜਾਂਦਾ ਹੈ। ਇਸ ਨੂੰ ਫਿਕਸਡ ਕੋਟਾ ਕਿਹਾ ਜਾਂਦਾ ਹੈ। ਬਾਕੀ ਰਹਿੰਦੇ ਕੋਟੇ ਨੂੰ ਠੇਕੇਦਾਰ ਪੰਜਾਬ ਦੀ ਕਿਸੀ ਵੀ ਹੋਰ ਡਿਸਟਿਲਰੀ ਤੋਂ ਆਪਣੀ ਮਰਜੀ ਅਨੁਸਾਰ ਚੁੱਕ ਸਕਦਾ ਹੈ। ਇਸ ਨੂੰ ਓਪਨ ਕੋਟਾ ਕਿਹਾ ਜਾਂਦਾ ਹੈ। ਦੇਸੀ ਸ਼ਰਾਬ ਦੇ ਫਿਕਸਡ ਅਤੇ ਓਪਨ ਕੋਟੇ ਦੀ ਦਰ ਵਿੱਤੀ ਸਾਲ 2019-20 ਦੌਰਾਨ ਕ੍ਰਮਵਾਰ 30% ਅਤੇ 70% ਰੱਖੀ ਗਈ ਹੈ।

ਕੋਟੇ ਦੀ ਸਹੀ ਲਿਫਟਿੰਗ ਕਰਵਾਉਣ ਲਈ ਅਤੇ ਸਰਕਾਰ ਦੇ ਮਾਲੀਏ ਨੂੰ ਸਮਾਂ ਬੱਧ ਸੁਰੱਖਿਅਤ ਕਰਨ ਲਈ ਕੋਟੇ ਦੀ ਮਹੀਨਾਵਾਰ ਲਿਫਟਿੰਗ ਫਿਕਸ ਕੀਤੀ ਗਈ ਹੈ ਜਿਸ ਵਿੱਚ ਕੋਟੇ ਦੀ ਘੱਟ ਤੋਂ ਘੱਟ ਮਾਤਰਾ ਵਿੱਚ ਲਿਫਟਿੰਗ ਫਿਕਸ ਕੀਤੀ ਜਾਂਦੀ ਹੈ। ਲਸੰਸੀ ਆਪਣਾ ਦੇਸੀ, ਅੰਗ੍ਰੇਜੀ ਸ਼ਰਾਬ ਅਤੇ ਬੀਅਰ ਦਾ ਕੋਟਾ (ਫਿਕਸ ਅਤੇ ਓਪਨ) ਮਹੀਨਾਵਾਰ ਹੇਠ ਲਿਖੀ ਪ੍ਰਤੀਸਤਤਾ ਅਨੁਸਾਰ ਲਿਫਟ ਕਰਨਗੇ:-

| ਲੜੀ ਨੰ: | ਮਹੀਨਾ | ਦੇਸੀ ਸਰਾਬ | ਅੰਗ੍ਰੇਜੀ ਸਰਾਬ | ਬੀਅਰ |
|---|---|---|---|---|
| 1. | ਅਪ੍ਰੈਲ,2019 | 7 | 8 | 9 |
| 2. | ਮਈ,2019 | 8 | 7 | 11 |
| 3. | ਜੂਨ, **2019** | 9 | 9 | 11 |
| 4. | ਜੁਲਾਈ,2019 | 9 | 9 | 10 |
| 5. | ਅਗਸਤ, 2019 | 9.5 | 9.5 | 10 |
| 6. | ਸਤੰਬਰ, 2019 | 9.5 | 9.5 | 10 |
| 7. | ਅਕਤੂਬਰ, 2019 | 9.5 | 9.5 | 8 |
| 8. | ਨਵੰਬਰ, 2019 | 9.5 | 9.5 | 8 |
| 9. | ਦਸੰਬਰ, 2019 | 10 | 10 | 7 |
| 10. | ਜਨਵਰੀ, 2020 | 9.5 | 9.5 | 7 |
| 11. | ਫਰਵਰੀ, 2020 | 9.5 | 9.5 | 9 |
| | **ਕੁੱਲ** | 100 | 100 | 100 |

ਉਪਰੋਕਤ ਸਡਿਊਲ ਅਨੁਸਾਰ ਮਿਨਿਮਮ ਗਰੰਟੀਡ ਕੋਟਾ ਨਾ ਚੁੱਕਣ ਦੀ ਸੂਰਤ ਵਿੱਚ ਲਸੰਸੀ ਹਰੇਕ ਮਹੀਨੇ ਦੇ ਅੰਤ ਤੱਕ ਅਣਚੁੱਕੇ ਮਿਨਿਮਮ ਗਰੰਟੀਡ ਕੋਟੇ ਤੇ ਬਣਦੀ ਸਾਰੀਆਂ ਲੈਵੀਜ ਆਦਿ ਦੀ ਕੁੱਲ ਰਕਮ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ। ਇਹ ਰਕਮ ਅਗਲੇ ਮਹੀਨੇ ਦੀ 15 ਤਰੀਕ ਤੱਕ ਵਿਆਜ ਸਹਿਤ ਅਦਾ ਕੀਤੀ ਜਾ ਸਕਦੀ ਹੈ। ਜੇਕਰ ਪਿਛਲੇ ਮਹੀਨੇ ਦੀ ਬਣਦੀ ਰਕਮ ਅਗਲੇ ਮਹੀਨੇ ਦੀ 15 ਤਰੀਕ ਤੱਕ ਨਹੀਂ ਜਮਾਂ ਕਰਵਾਈ ਜਾਂਦੀ ਤਾਂ ਲਸੰਸ ਮੁਅੱਤਲ ਸਮਝਿਆ ਜਾਵੇਗਾ ਅਤੇ **ਸਾਰੇ** ਠੇਕੇ ਬੰਦ ਕਰ ਦਿੱਤੇ ਜਾਣਗੇ। ਲਸੰਸ ਦੀ ਬਹਾਲੀ

ਉਦੋਂ ਹੀ ਕੀਤੀ ਜਾਵੇਗੀ ਜਦੋਂ ਬਕਾਇਆ ਰਕਮ ਅਤੇ ਵਿਆਜ ਦੀ ਅਦਾਇਗੀ ਉਸੇ ਮਹੀਨੇ ਦੀ 20 ਤਾਰੀਖ ਤੱਕ ਕਰ ਦਿੱਤੀ ਜਾਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਮੁਅੱਤਲ ਕੀਤਾ ਲਸੰਸ ਰੱਦ ਹੋ ਜਾਵੇਗਾ।

ਹਰੇਕ ਲਸੰਸੀ ਲਈ ਇਹ ਲਾਜਮੀ ਹੋਵੇਗਾ ਕਿ ਉਹ ਆਪਣੇ ਗਰੁੱਪ ਦਾ ਦੇਸੀ ਸ਼ਰਾਬ ਦਾ ਨਿਰਧਾਰਤ ਫਿਕਸਡ ਕੋਟਾ ਹਰੇਕ ਕੁਆਰਟਰ ਦੇ ਖਤਮ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-2 ਚੁੱਕਣਾ ਯਕੀਨੀ ਬਣਾਏਗਾ, ਪ੍ਰੰਤੂ ਅਖੀਰਲੇ ਕੁਆਰਟਰ (ਭਾਵ ਜਨਵਰੀ-ਮਾਰਚ, 2020) ਦੀ ਲਿਫਟਿੰਗ ਮਿਤੀ 28-2-2020 ਤੱਕ ਕਰਨੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸਨੂੰ ਦੇਸੀ ਸ਼ਰਾਬ ਦੇ ਅਣਚੁੱਕੇ ਫਿਕਸਡ ਕੋਟੇ ਤੇ 25/- ਰੁਪਏ ਪ੍ਰਤੀ ਪਰੂਫ ਲਿਟਰ ਦੀ ਦਰ ਨਾਲ ਵਾਧੂ ਫੀਸ ਅਦਾ ਕਰਨੀ ਪਵੇਗੀ।

ਜੇਕਰ ਕੋਈ ਲਸੰਸੀ ਅਪਣੇ ਗਰੁੱਪ ਦਾ ਦੇਸੀ ਸ਼ਰਾਬ, ਅੰਗਰੇਜੀ ਸ਼ਰਾਬ ਅਤੇ ਬੀਅਰ ਦਾ ਕੁੱਲ ਮਿਨੀਮਮ ਗਰੰਟੀਡ ਕੋਟਾ 28 ਫਰਵਰੀ, 2020 ਤੱਕ ਨਹੀ ਚੁੱਕਦਾ ਤਾਂ ਉਸ ਗਰੁੱਪ ਦੇ ਠੇਕੇ ਬੰਦ ਕਰ ਦਿੱਤੇ ਜਾਣਗੇ।

4.0 **ਵਾਧੂ ਫਿਕਸਡ ਲਸੰਸ ਫੀਸ ਦੇ ਇਵਜ ਵਿੱਚ ਕੋਟਾ** - ਵਿੱਤੀ ਸਾਲ 2019-20 ਲਈ ਹਰੇਕ ਲਸੰਸੀ ਤੋਂ ਫਿਕਸਡ ਲਸੰਸ ਫੀਸ ਤੋਂ ਇਲਾਵਾ ਵਾਧੂ ਫਿਕਸਡ ਲਸੰਸ ਫੀਸ ਵੀ ਚਾਰਜ ਕੀਤੀ ਜਾਵੇਗੀ। ਕਿਸੇ ਗਰੁੱਪ/ਜ਼ੋਨ ਦੀ ਨਿਰਧਾਰਤ ਵਾਧੂ ਫਿਕਸਡ ਲਸੰਸ ਫੀਸ ਦਾ ਘੱਟ ਤੋਂ ਘੱਟ 50% ਅਲਾਟਮੈਂਟ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਜਾਂ ਮਿਤੀ 26 ਮਾਰਚ, 2019 ਤੱਕ (ਜੋ ਵੀ ਪਹਿਲਾਂ ਹੋਵੇ), 25% ਮਿਤੀ 30-09-2019 ਤੱਕ ਅਤੇ ਬਾਕੀ 25% ਮਿਤੀ 31-12-2019 ਤੱਕ ਅਦਾਇਗੀ ਯੋਗ ਹੋਵੇਗਾ। ਇਸ ਵਾਧੂ ਫਿਕਸਡ ਲਸੰਸ ਫੀਸ ਦੇ ਇਵਜ ਵਿੱਚ ਲਸੰਸੀ ਆਪਣੀ ਮਰਜ਼ੀ ਅਨੁਸਾਰ ਸਾਲ ਦੌਰਾਨ ਕਿਸੇ ਵੀ ਸਮੇਂ ਦੇਸੀ ਸ਼ਰਾਬ, ਅੰਗ੍ਰੇਜੀ ਸ਼ਰਾਬ, ਬੀਅਰ, ਆਰ.ਟੀ.ਡੀ., ਵਾਈਨ, ਸਾਇਡਰ ਅਤੇ ਕਿਸੇ ਕਿਸਮ ਦੀ ਵੀ ਇੰਮਪੋਰਟਡ ਵਿਦੇਸ਼ੀ ਸ਼ਰਾਬ (ਇੰਮਪੋਰਟਡ ਬੀ.ਆਈ.ਓ. ਬਰਾਂਡ, ਇੰਮਪੋਰਟਡ ਬੀਅਰ ਅਤੇ ਇੰਮਪੋਰਟਡ ਵਾਈਨ ਆਦਿ) ਲੈ ਸਕੇਗਾ ਅਤੇ ਉਪਰੋਕਤ ਸ਼ਰਾਬ ਤੇ ਅਦਾ ਕੀਤੇ ਜਾਣ ਵਾਲੀ ਐਲ-2/ਐਲ-14ਏ ਜਾਂ ਐਲ.1/ਐਲ-13 ਪੱਧਰ ਤੇ ਅਦਾ ਹੋਣ ਵਾਲੀਆਂ ਆਬਕਾਰੀ ਡਿਊਟੀਆਂ ਅਤੇ ਅਸੈਸਡ ਫੀਸ ਇਸ ਵਾਧੂ ਫਿਕਸਡ ਲਸੰਸ ਫੀਸ ਵਿੱਚ ਅਡਜਸਟ ਹੋਣਗੀਆਂ। ਇਸ ਵਾਧੂ ਫਿਕਸਡ ਲਾਇਸੰਸ ਫੀਸ ਵਿੱਚ ਮਿਨਿਮਮ ਗਰੰਟੀਡ ਕੋਟੇ ਵਿਰੁੱਧ ਚੁੱਕੀ ਗਈ ਸ਼ਰਾਬ ਦੀ ਐਲ.1/ਐਲ.13 ਪੱਧਰ ਤੇ ਅਦਾ ਹੋਣ ਵਾਲੀ ਪਰਮਿਟ ਫੀਸ, ਈ.ਟੀ.ਡੀ. ਸੈਸ ਅਤੇ ਵਾਧੂ ਲਸੰਸ ਫੀਸ ਅਡਜਸਟ ਨਹੀਂ ਹੋਣਗੀਆਂ। **ਜੇਕਰ** ਐਲ-2 ਲਸੰਸੀ ਇਸ ਵਾਧੂ ਫਿਕਸਡ ਫੀਸ ਦੀ ਇਵਜ਼ ਵਿੱਚ ਅੰਗਰੇਜੀ ਸ਼ਰਾਬ

ਦੀ 550/- ਰੁਪਏ ਪ੍ਰਤੀ ਕੇਸ **ਤੱਕ** ਦੀ ਈ.ਡੀ.ਪੀ. ਵਾਲੇ ਬਰਾਂਡਾਂ ਦੀ ਸ਼ਰਾਬ ਚੁੱਕਦਾ ਹੈ ਤਾਂ ਉਸਨੂੰ ਦੇਸੀ ਸ਼ਰਾਬ ਦੀ ਤਰਜ਼ ਤੇ 324/- ਰੁਪਏ ਪ੍ਰਤੀ ਪਰੂਫ ਲੀਟਰ ਦੀ ਦਰ ਤੇ ਡਿਊਟੀ ਚਾਰਜ ਕੀਤੀ ਜਾਵੇਗੀ । ਇਹ ਸੁਵਿਧਾ ਮਿਨਿਮਮ ਗਰੰਟੀਡ ਕੋਟੇ ਵਿਰੁੱਧ ਚੁੱਕੀ ਗਈ ਸ਼ਰਾਬ ਲਈ ਉਪਲਭੱਧ ਨਹੀਂ ਹੋਵੇਗੀ। ਵਾਧੂ ਫਿਕਸਡ ਲਾਇਸੰਸ ਫੀਸ ਵਿਰੁੱਧ ਹੋਲਸੇਲ ਪੱਧਰ ਤੇ ਅਦਾ ਹੋਣ ਵਾਲੀ ਫੀਸ/ਡਿਊਟੀ ਦੀ ਅਡਜਸਟਮੈਂਟ ਸਬੰਧੀ ਅਪਣਾਈ ਜਾਣ ਵਾਲੀ ਵਿੱਧੀ ਬਾਰੇ ਹਦਾਇਤਾਂ ਵੱਖਰੇ ਤੌਰ ਤੇ ਵਧੀਕ ਮੁੱਖ ਸਕੱਤਰ (ਕਰ) ਜੀ ਦੀ ਪ੍ਰਵਾਨਗੀ ਨਾਲ ਜਾਰੀ ਕਰ ਦਿੱਤੀ ਜਾਣਗੀਆਂ।

ਮੌਜੂਦਾ ਸਮੇਂ ਬਹੁਤ ਸਾਰੇ ਠੇਕੇ/ਗਰੁੱਪਾਂ ਕੋਲ ਕੇਵਲ ਦੇਸੀ ਸ਼ਰਾਬ ਵੇਚ ਸਕਦੇ ਹਨ। ਪ੍ਰੰਤੂ ਨਵੀ ਨੀਤੀ ਵਿੱਚ ਕੀਤੇ ਬਦਲਾਵ ਤਹਿਤ ਐਲ-14ਏ ਲਸੰਸੀ ਵਾਧੂ ਫਿਕਸਡ ਲਸੰਸ ਫੀਸ ਦੇ ਇਵਜ਼ ਵਿੱਚ ਦੇਸੀ ਸ਼ਰਾਬ ਤੋਂ ਇਲਾਵਾ ਅੰਗਰੇਜੀ ਸ਼ਰਾਬ ਵੀ ਲੈ ਸਕਦਾ ਹੈ। ਇਸ ਹੱਦ ਤੱਕ ਐਲ.14ਏ ਲਸੰਸੀ ਨੂੰ ਵੀ ਅੰਗ੍ਰੇਜੀ ਸ਼ਰਾਬ ਵੇਚਣ ਦੀ ਪ੍ਰਵਾਨਗੀ ਦਿੱਤੀ ਜਾਵੇਗੀ।

ਲਸੰਸੀ ਨੂੰ ਦੇਸੀ ਸਰਾਬ ਜਾਂ ਅੰਗ੍ਰੇਜੀ ਸਰਾਬ ਜਾਂ ਬੀਅਰ ਦਾ ਮਿਨਿਮਮ ਗਰੰਟੀਡ ਕੋਟਾ ਅਤੇ ਵਾਧੂ ਫਿਕਸਡ ਲਸੰਸ ਫੀਸ ਦੇ ਇਵਜ ਵਿੱਚ ਮਿਲਿਆ ਕੋਟਾ ਚੁੱਕਣ ਤੋਂ ਬਾਅਦ **ਹੀ** ਉਸਨੂੰ ਵਾਧੂ ਕੋਟਾ ਚੁੱਕਣ ਦੀ ਆਪਸਨ ਹੋਵੇਗੀ। ਭਾਵ ਜੇਕਰ ਉਸਨੇ ਦੇਸੀ ਸਰਾਬ ਦਾ ਪੂਰਾ ਮਿਨਿਮਮ ਗਰੰਟੀਡ ਕੋਟਾ ਚੁੱਕ ਲਿਆ ਹੈ ਤਾਂ ਉਹ ਦੇਸੀ ਸਰਾਬ ਦਾ ਵਾਧੂ ਕੋਟਾ ਚੁੱਕ ਸਕੇਗਾ। **ਇਸੇ ਤਰ੍ਹਾਂ** ਉਹ ਅੰਗ੍ਰੇਜੀ ਸ਼ਰਾਬ ਅਤੇ ਬੀਅਰ ਦਾ ਵਾਧੂ ਕੋਟਾ ਵੀ ਚੁੱਕਾ ਸਕੇਗਾ। ਇਸਦੇ ਲਈ ਉਸਨੂੰ ਐਕਸਾਈਜ ਡਿਊਟੀ ਅਤੇ ਹੋਰ ਲੈਵੀਜ ਆਦਿ ਅਦਾ ਕਰਨੀਆਂ ਪੈਣਗੀਆਂ,. ਪ੍ਰੰਤੂ ਇਹ ਰਕਮ ਉਸਦੇ ਮਿਨਿਮਮ ਗਰੰਟੀਡ ਕੋਟੇ ਲਈ ਅਦਾ ਕੀਤੀ ਰਕਮ ਵਿੱਚ ਅਡਜਸਟ ਨਹੀਂ ਹੋਵੇਗੀ। ਲਾਇਸੰਸੀ ਨੂੰ ਵਾਧੂ ਕੋਟੇ ਤੇ ਡਿਊਟੀਆਂ/ਫੀਸਾਂ ਉਸੇ ਤਰ੍ਹਾਂ ਹੀ ਅਦਾ ਕਰਨੀਆਂ ਹੋਣਗੀਆਂ, ਜਿਸ ਤਰ੍ਹਾਂ ਉਹ ਮਿਨਿਮਮ ਗਰੰਟੀਡ ਕੋਟੇ ਤੇ ਅਦਾ ਕਰੇਗਾ। ਵਾਧੂ ਕੋਟੇ ਤੇ ਫਿਕਸਡ ਲਾਇਸੰਸ ਫੀਸ ਨਹੀਂ ਲੱਗੇਗੀ। ਇਹ ਵਾਧੂ ਕੋਟਾ ਉਹ ਆਪਣੀ ਮਰਜੀ ਦੀ ਡਿਸਟਿਲਰੀ ਤੋਂ ਚੁੱਕ ਸਕੇਗਾ। ਲਸੰਸੀ ਨੂੰ ਆਪਣੇ ਕਿਸੇ ਇੱਕ ਗਰੁੱਪ ਤੋਂ ਦੂਸਰੇ ਗਰੁੱਪ ਵਿੱਚ ਕੋਟਾ ਟ੍ਰਾਂਸਫਰ ਕਰਨ ਦੀ ਇਜਾਜਤ ਨਹੀਂ ਹੋਵੇਗੀ।

5.0 ਸਾਲ 2019-20 ਦੌਰਾਨ ਦੇਸੀ ਸ਼ਰਾਬ 50 ਡਿਗਰੀ , 65 ਡਿਗਰੀ ਅਤੇ 75 ਡਿਗਰੀ ਰੱਖੀ ਗਈ ਹੈ ।

**6.0 ਈ.ਡੀ.ਪੀ. For PML:- ਦੇਸੀ ਸ਼ਰਾਬ ਦੀ ਈ.ਡੀ.ਪੀ. ਬਾਰੇ ਸਾਲ 2018-19 ਦੀ ਪਾਲਿਸੀ ਦੇ ਪ੍ਰਵਾਧਾਨ ਲਾਗੂ ਰਹਿਣਗੇ।**

**7.0** **ਅੰਗਰੇਜ਼ੀ ਸ਼ਰਾਬ ਦਾ ਕੋਟਾ**:- ਵਿੱਤੀ ਸਾਲ 2019-20 ਦੌਰਾਨ ਅੰਗ੍ਰੇਜੀ ਸਰਾਬ ਦਾ ਕੁੱਲ ਮਿਨਿਮਮ ਗਰੰਟੀਡ ਕੋਟਾ (Minimum Guaranteed Quota) **262** ਲੱਖ ਪਰੂਫ ਲੀਟਰ ਨਿਰਧਾਰਤ ਕੀਤਾ ਗਿਆ ਹੈ, ਠੇਕੇਦਾਰਾਂ ਲਈ ਇਹ ਨਿਰਧਾਰਿਤ ਮਿਨਿਮਮ ਗਰੰਟੀਡ ਕੋਟਾ ਚੁੱਕਣਾ ਲਾਜਮੀ ਹੋਵੇਗਾ। ਦੇਸੀ ਸ਼ਰਾਬ, ਅੰਗ੍ਰੇਜੀ ਸ਼ਰਾਬ ਅਤੇ ਬੀਅਰ ਦਾ ਮਿਨਿਮਮ ਗਰੰਟੀਡ ਕੋਟਾ ਨਾ ਚੁੱਕਣ ਦੀ ਸੂਰਤ ਵਿੱਚ ਲਸੰਸੀ ਹਰੇਕ ਮਹੀਨੇ ਦੇ ਅੰਤ ਤੱਕ ਅਣਚੁੱਕੇ ਕੋਟੇ ਤੇ ਬਣਦੀ ਸਾਰੀਆਂ ਲੈਵੀਜ (ਐਲ.1, ਐਲ.2, ਐਲ.13 ਅਤੇ ਐਲ.14ਏ ਤੇ ਲੱਗਣ ਵਾਲੀ ਆਬਕਾਰੀ ਡਿਊਟੀ ਅਤੇ ਸਪੈਸਲ ਲਾਇਸੰਸ ਫੀਸ ਆਦਿ) ਦੀ ਕੁੱਲ ਰਕਮ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ। ਹਰ ਮਹੀਨੇ ਦੀ ਅਦਾਇਗੀ ਯੋਗ ਰਕਮ ਹਰ ਮਹੀਨੇ ਦੇ ਅਖੀਰਲੇ ਕਾਰਜੀ ਦਿਨ ਤੱਕ ਦੇਣੀ ਹੋਵੇਗੀ। ਬਣਦੀ ਰਕਮ ਨੂੰ ਦੇਰ ਨਾਲ ਭਰਨ ਤੇ 1.5% ਪ੍ਰਤੀ ਮਹੀਨੇ ਦਾ ਵਿਆਜ ਪ੍ਰਤੀ ਦਿਨ ਦੇ ਹਿਸਾਬ ਨਾਲ ਵਸੂਲਿਆ ਜਾਵੇਗਾ। ਜੇਕਰ ਪਿਛਲੇ ਮਹੀਨੇ ਦੀ ਬਣਦੀ ਰਕਮ ਅਗਲੇ ਮਹੀਨੇ ਦੀ 15 ਤਰੀਕ ਤੱਕ ਨਹੀਂ ਜਮਾਂ ਕਰਵਾਈ ਜਾਂਦੀ ਤਾਂ ਲਸੰਸ ਮੁਅੱਤਲ ਸਮਝਿਆ ਜਾਵੇਗਾ ਅਤੇ ਸਾਰੇ ਠੇਕੇ ਬੰਦ ਕਰ ਦਿੱਤੇ ਜਾਣਗੇ। ਲਸੰਸ ਦੀ ਬਹਾਲੀ ਉਦੋਂ ਹੀ ਕੀਤੀ ਜਾਵੇਗੀ ਜਦੋਂ ਬਕਾਇਆ ਰਕਮ ਅਤੇ ਵਿਆਜ/ਜੁਰਮਾਨਾ, ਜੇਕਰ ਕੋਈ ਹੋਵੇ, ਦੀ ਅਦਾਇਗੀ 20 ਤਾਰੀਖ ਤੱਕ ਕਰ ਦਿੱਤੀ ਜਾਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਮੁਅੱਤਲ ਕੀਤਾ ਲਸੰਸ **ਰੱਦ ਹੋ ਜਾਵੇਗਾ** ਅਤੇ ਲਸੰਸੀ ਵੱਲੋਂ ਜਮ੍ਹਾਂ ਕਰਵਾਈ ਫਿਕਸਡ ਲਾਇਸੰਸ ਫੀਸ ਜਬਤ ਕਰ ਲਈ ਜਾਵੇਗੀ ਅਤੇ ਕਾਨੂੰਨ ਮੁਤਾਬਕ ਰੀ-ਅਲਾਟਮੈਂਟ ਦੀ ਪ੍ਰੀਕ੍ਰਿਆ ਅਰੰਭੀ ਜਾਵੇਗੀ। ਜੇਕਰ ਰੀ-ਅਲਾਟਮੈਂਟ ਦੌਰਾਨ ਸਰਕਾਰੀ ਮਾਲੀਏ ਦਾ ਨੁਕਸਾਨ ਹੁੰਦਾ ਹੈ ਤਾਂ ਉਸਦੀ ਭਰਪਾਈ ਲਈ ਅਸਲ ਅਲਾਟੀ ਜੁੰਮੇਵਾਰ ਹੋਵੇਗਾ। ਨਿਰਧਾਰਤ ਕੋਟਾ ਚੁੱਕਣ ਉਪਰੰਤ ਜੇਕਰ ਲਾਇਸੰਸੀ ਨੂੰ ਹੋਰ ਕੋਟੇ ਦੀ ਲੋੜ ਹੈ ਤਾਂ ਉਹ ਆਬਕਾਰੀ ਡਿਊਟੀ ਅਤੇ ਸਪੈਸ਼ਲ ਲਸੰਸ ਫੀਸ ਆਦਿ ਅਦਾ ਕਰਕੇ ਇਹ ਕੋਟਾ ਚੁੱਕ ਸਕੇਗਾ। ਬੀ.ਆਈ.ਓ. ਬਰਾਂਡਜ ਨੂੰ ਮਿਨਿਮਮ ਗਰੰਟੀਡ ਕੋਟੇ ਦਾ ਹਿੱਸਾ ਨਹੀਂ ਮੰਨਿਆ ਜਾਵੇਗਾ।

**8.0** **ਬੀਅਰ ਦਾ ਕੋਟਾ** :- ਬੀਅਰ ਦਾ ਕੋਟਾ 300 ਲੱਖ ਬਲਕ ਲੀਟਰ ਨਿਰਧਾਰਤ ਕੀਤਾ ਗਿਆ ਹੈ, ਠੇਕੇਦਾਰਾਂ ਲਈ ਇਹ ਮਿਨਿਮਮ ਗਰੰਟੀਡ ਕੋਟਾ ਚੁੱਕਣਾ ਲਾਜਮੀ ਹੋਵੇਗਾ। ਮਿਨਿਮਮ ਗਰੰਟੀਡ ਕੋਟਾ ਨਾ ਚੁੱਕਣ ਦੀ ਸੂਰਤ ਵਿੱਚ ਲਸੰਸੀ ਹਰੇਕ ਮਹੀਨੇ ਦੇ ਅੰਤ ਤੱਕ ਅਣਚੁੱਕੇ ਕੋਟੇ ਤੇ ਬਣਦੀ ਸਾਰੀਆਂ ਲੈਵੀਜ ਆਦਿ ਦੀ ਕੁੱਲ ਰਕਮ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ। ਇਹ ਰਕਮ ਅਗਲੇ ਮਹੀਨੇ ਦੀ 15 ਤਰੀਕ ਤੱਕ ਅਦਾ ਕਰਨ ਯੋਗ ਹੋਵੇਗੀ। ਬਣਦੀ ਰਕਮ ਨੂੰ ਦੇਰ ਨਾਲ ਭਰਨ ਤੇ 1.5% ਪ੍ਰਤੀ ਮਹੀਨੇ ਦਾ ਵਿਆਜ ਪ੍ਰਤੀ ਦਿਨ ਦੇ ਹਿਸਾਬ ਨਾਲ ਵਸੂਲਿਆ ਜਾਵੇਗਾ।

ਜੇਕਰ ਪਿਛਲੇ ਮਹੀਨੇ ਦੀ ਬਣਦੀ ਰਕਮ ਅਗਲੇ ਮਹੀਨੇ ਦੀ 15 ਤਰੀਕ ਤੱਕ ਨਹੀਂ ਜਮਾਂ ਕਰਵਾਈ ਜਾਂਦੀ ਤਾਂ ਲਸੰਸ ਮੁਅੱਤਲ ਸਮਝਿਆ ਜਾਵੇਗਾ ਅਤੇ ਸਾਰੇ ਠੇਕੇ ਬੰਦ ਕਰ ਦਿੱਤੇ ਜਾਣਗੇ। ਲਸੰਸ ਦੀ ਬਹਾਲੀ ਉਦੋਂ ਹੀ ਕੀਤੀ ਜਾਵੇਗੀ ਜਦੋਂ ਬਕਾਇਆ ਰਕਮ ਅਤੇ ਵਿਆਜ/ਜੁਰਮਾਨਾ, ਜੇਕਰ ਕੋਈ ਹੋਵੇ, ਦੀ ਅਦਾਇਗੀ 20 ਤਾਰੀਖ ਤੱਕ ਕਰ ਦਿੱਤੀ ਜਾਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਮੁਅੱਤਲ ਕੀਤਾ ਲਸੰਸ **ਰੱਦ ਹੋ ਜਾਵੇਗਾ** ਅਤੇ ਲਸੰਸੀ ਵੱਲੋਂ ਜਮ੍ਹਾਂ ਕਰਵਾਈ ਫਿਕਸਡ ਲਾਇਸੰਸ ਫੀਸ ਜਬਤ ਕਰ ਲਈ ਜਾਵੇਗੀ ਅਤੇ ਕਾਨੂੰਨ ਮੁਤਾਬਕ ਰੀ-ਅਲਾਟਮੈਂਟ ਦੀ ਪ੍ਰੀਕ੍ਰਿਆ ਅਰੰਭੀ ਜਾਵੇਗੀ। ਜੇਕਰ ਰੀ-ਅਲਾਟਮੈਂਟ ਦੌਰਾਨ ਸਰਕਾਰੀ ਮਾਲੀਏ ਦਾ ਨੁਕਸਾਨ ਹੁੰਦਾ ਹੈ ਤਾਂ ਉਸਦੀ ਭਰਪਾਈ ਲਈ ਅਸਲ ਅਲਾਟੀ ਜੁੰਮੇਵਾਰ ਹੋਵੇਗਾ। ਨਿਰਧਾਰਤ ਕੋਟਾ ਚੁੱਕਣ ਉਪਰੰਤ ਜੇਕਰ ਲਾਇਸੰਸੀ ਨੂੰ ਹੋਰ ਕੋਟੇ ਦੀ ਲੋੜ ਹੈ ਤਾਂ ਉਹ ਬਣਦੀਆਂ ਆਬਕਾਰੀ ਲੈਵੀਜ ਅਦਾ ਕਰਕੇ ਇਹ ਕੋਟਾ ਚੁੱਕ ਸਕੇਗਾ।

9.0 **ਐਲ-13**:- ਦੇਸੀ ਸ਼ਰਾਬ ਦੇ ਥੋਕ ਵਾਸਤੇ ਐਲ-13 ਲਾਇਸੰਸ ਦਿੱਤਾ ਜਾਂਦਾ ਹੈ। ਡਿਸਟਿਲਰੀਆਂ ਦੁਆਰਾ ਇਹ ਐਲ-13 ਵੱਖ-2 ਜਿਲ੍ਹਿਆਂ ਵਿੱਚ ਐਲ-13 ਲਸੰਸ ਦੀਆਂ ਸ਼ਰਤਾਂ ਅਨੁਸਾਰ **ਚਲਾਇਆ** ਜਾਂਦਾ ਹੈ। ਐਲ-13 ਦੀ ਲਸੰਸ ਫੀਸ 50,000/- ਰੁਪਏ ਰੱਖੀ ਗਈ ਹੈ। ਐਲ-13 ਦੇ ਖਰਚੇ 25 ਰੁਪਏ ਪ੍ਰਤੀ ਕੇਸ ਨਿਰਧਾਰਤ ਕੀਤੇ ਗਏ ਹਨ। ਜਿਲਾ ਅਧਿਕਾਰੀ ਵੱਲੋ ਜਿਲੇ ਦੇ ਸਾਰੇ ਐਲ-13 ਇੱਕ ਹੀ ਜਗ੍ਹਾ ਤੇ (under one roof) ਖੋਲੇ ਜਾਣ ਲਈ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ, ਲੋੜ ਪੈਣ ਤੇ ਵਿਭਾਗ ਵੱਲੋ ਡਿਸਟਿਲਰਜ ਨੂੰ ਆਪਣੇ ਐਲ.13 ਤੇ ਉਚਿਤ ਸਿਕਿਉਰਟੀ ਲਗਾਉਣ ਲਈ ਵੀ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣਗੀਆਂ। ਜਿਸਦਾ ਖਰਚਾ ਡਿਸਟਿਲਰੀਆਂ ਵੱਲੋਂ ਕੀਤਾ ਜਾਵੇਗਾ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਡਿਸਟਿਲਰੀ ਦੀ ਜਿੰਮੇਵਾਰੀ ਹੋਵੇਗੀ ਕਿ ਐਲ-13 ਤੋਂ ਪ੍ਰਚੂਨ ਦੀ ਵਿਕਰੀ ਨਾ ਹੋਵੇ। ਲਾਇਸੰਸ ਦੀ ਕਿਸੇ ਵੀ ਤਰ੍ਹਾਂ ਦੀ ਦੁਰਵਰਤੋਂ ਦੀ ਸੂਰਤ ਵਿੱਚ ਆਬਕਾਰੀ ਐਕਟ/ਨਿਯਮਾਂ ਤਹਿਤ ਡਿਸਟਿਲਰੀ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਅਜਿਹਾ ਹੋਣ ਦੀ ਸੂਰਤ ਵਿੱਚ ਡਿਸਟਿਲਰੀ ਦਾ ਉਸ ਸਾਲ ਦਾ ਕੋਟਾ ਵੀ suspend/cancel ਕੀਤਾ ਜਾ ਸਕੇਗਾ। ਮੰਡਲ ਦੇ ਉਪ ਆਬਕਾਰੀ ਤੇ ਕਰ ਕਮਿਸ਼ਨਰ ਦੀ ਇਹ ਨਿੱਜੀ ਤੌਰ ਤੇ ਜਿੰਮੇਵਾਰੀ ਹੋਵੇਗੀ ਕਿ ਉਹ ਕੇਵਲ ਡਿਸਟਿਲਰੀ ਨੂੰ ਹੀ ਐਲ-13 ਲਸੰਸ ਜਾਰੀ ਕਰਨ ਅਤੇ ਯਕੀਨੀ ਬਣਾਉਣ ਕਿ ਸਾਰਾ ਸਾਲ ਐਲ-13 ਤੋਂ ਕਿਸੇ ਤਰ੍ਹਾਂ ਦੀ ਰਿਟੇਲ ਸੇਲ ਨਾ ਹੋਵੇ। ਵਿਭਾਗ ਐਲ-13 ਦੀ ਗਤੀਵਿਧੀਆਂ ਤੇ ਨਿਗਰਾਨੀ ਰੱਖੇਗਾ ਅਤੇ ਹਰੇਕ ਐਲ.13 ਤੇ ਸੀ.ਸੀ.ਟੀ.ਵੀ.

ਕੈਮਰੇ ਲਗਾਏ ਜਾਣਗੇ ਅਤੇ ਇਸਦਾ ਖਰਚਾ ਸਬੰਧਤ ਐਲ.13 ਲਸੰਸੀ ਵੱਲੋਂ ਅਦਾ ਕੀਤਾ ਜਾਵੇਗਾ।

ਇਸ ਤੋਂ ਇਲਾਵਾ, ਜੇਕਰ ਕਿਸੇ ਵੀ ਐਲ.13 ਤੇ ਕੋਈ unaccounted ਸ਼ਰਾਬ ਪਾਈ ਜਾਂਦੀ ਹੈ ਤਾਂ ਉਸ ਸੂਰਤ ਵਿੱਚ ਉਹ ਐਲ.13 ਲਾਇਸੰਸ ਕੈਂਸਲ ਕਰ ਦਿੱਤਾ ਜਾਵੇਗਾ ਅਤੇ ਡਿਸਟਿਲਰੀ ਵਿਰੁੱਧ ਵੀ ਸਖਤ ਕਾਰਵਾਈ ਕੀਤੀ ਜਾਵੇਗੀ।

**10.0 ਐਲ-1**:- (**ੳ**) ਐਲ.1 ਲਾਇਸੰਸ ਕੇਵਲ ਉਸ ਵਿਅਕਤੀ/ਫਰਮ/ਕੰਪਨੀ ਆਦਿ ਨੂੰ ਜਾਰੀ ਕੀਤਾ ਜਾਵੇਗਾ ਜਿਸ ਕੋਲ ਉਸ ਸਬੰਧਤ ਰੈਵਿਨਿਊ ਜਿਲੇ ਵਿੱਚ ਰਿਟੇਲ ਦਾ ਕਾਰੋਬਾਰ (ਐਲ.2 ਲਾਇਸੰਸ) ਦਾ ਘੱਟੋ ਘੱਟ ਇੱਕ ਗਰੁੱਪ/ਜੋਨ ਹੋਵੇ। ਇਹ ਲਾਇਸੰਸ ਉਸੇ ਹੀ ਨਾਮ ਅਤੇ ਸਟਾਇਲ ਤੇ ਦਿੱਤਾ ਜਾਵੇਗਾ, ਜਿਸ ਨਾਮ ਤੇ ਉਸ ਕੋਲ ਐਲ.2 ਦਾ ਲਾਇਸੰਸ ਹੋਵੇਗਾ।

(ਅ) ਐਲ.1 ਲਸੰਸ ਦੀ ਫਿਕਸਡ ਲਾਇਸੰਸ ਫੀਸ 50 ਲੱਖ ਰੁਪਏ ਤੋਂ ਘਟਾ ਕੇ 25 ਲੱਖ ਰੁਪਏ ਕਰ ਦਿੱਤੀ ਗਈ ਹੈ ਅਤੇ ਇਸ ਦੇ ਨਾਲ ਹੀ ਹਰੇਕ ਐਲ.1 ਲਸੰਸੀ ਤੋਂ ਉਸ ਦੁਆਰਾ ਖਰੀਦੀ ਗਈ ਅੰਗ੍ਰੇਜੀ ਸ਼ਰਾਬ ਤੇ 3 ਰੁਪਏ ਪ੍ਰਤੀ ਪਰੂਫ ਲੀਟਰ ਅਤੇ ਬੀਅਰ ਤੇ 2 ਰੁਪਏ ਪ੍ਰਤੀ ਬਲਕ ਲੀਟਰ ਦੀ ਦਰ ਨਾਲ **variable** ਅਡੀਸ਼ਨਲ ਲਾਇਸੰਸ ਫੀਸ ਚਾਰਜ ਕੀਤੀ ਜਾਵੇਗੀ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਭਾਵੇਂ ਸਾਲ ਦੇ ਕਿਸੇ ਵੀ ਮਹੀਨੇ ਵਿੱਚ ਇਹ ਲਾਇਸੰਸ ਦਿੱਤਾ ਜਾਵੇ, ਫਿਕਸਡ ਲਾਇਸੰਸ ਫੀਸ 25 ਲੱਖ ਰੁਪਏ ਹੀ ਹੋਵੇਗੀ।

ੲ) ਐਲ-1 ਲਸੰਸੀ ਆਈ.ਐਮ.ਐਫ.ਐਲ, ਆਈ.ਐਫ.ਐਲ., ਬੀਅਰ, ਵਾਈਨ ਅਤੇ ਆਰ.ਟੀ.ਡੀ. (ਦੇਸੀ ਤੇ ਵਿਦੇਸ਼ੀ) ਰਾਜ ਦੇ ਮੈਨੂਫੈਕਚਰਿੰਗ ਅਦਾਰਿਆਂ (ਭਾਵ ਰਾਜ ਦੀ ਡਿਸਟਿਲਰੀ, ਬਰੀਵਰੀ ਜਾਂ ਬੋਟਲਿੰਗ ਪਲਾਟ ਲਸੰਸੀ) ਜਾਂ **ਰਾਜ ਦੇ ਹੋਰ ਲਸੰਸੀਆਂ** ਤੋਂ ਸਿੱਧੇ ਤੌਰ ਤੇ ਖਰੀਦ ਸਕੇਗਾ। ਇਸ ਤੋਂ ਇਲਾਵਾ, ਇੱਕ ਐਲ.1 ਤੋਂ ਦੂਜੇ ਐਲ.1 ਨੂੰ ਟਰਾਂਸਫਰ ਲਾਇਸੰਸੀ ਲੋੜੀਂਦੀ ਪਰਮਿਟ ਫੀਸ, ਜੋ ਕਿ 2/- ਰੁਪਏ ਪ੍ਰਤੀ ਪਰੂਫ ਲੀਟਰ ਕੀਤੀ ਗਈ ਹੈ, ਦੇ ਕੇ ਕਰ ਸਕੇਗਾ।

ਸ) ਕਿਸੇ ਵੀ ਰੈਵੇਨਿਯੂ ਜਿਲ੍ਹੇ ਦਾ ਐਲ.2 ਲਾਇਸੰਸੀ ਕੇਵਲ ਉਸ ਜਿਲ੍ਹੇ ਦੇ ਐਲ.1 ਲਸੰਸੀ ਤੋਂ ਹੀ ਮਾਲ ਖਰੀਦ ਸਕੇਗਾ। ਪਰ ਜੇਕਰ ਉਸ ਜਿਲ੍ਹੇ ਵਿੱਚ ਕਿਸੇ ਬਰਾਂਡ ਦੀ ਸ਼ਰਾਬ ਉਪਲਬਧ ਨਹੀਂ ਹੈ ਜਾਂ ਸ਼ਰਾਬ ਦੀ ਪੂਰੀ ਮਾਤਰਾ ਵਿੱਚ ਸਪਲਾਈ ਉਪਲਬਧ ਨਹੀਂ ਹੈ ਜਾਂ price variation ਜਿਆਦਾ ਹੈ ਤਾਂ ਐਲ.2 ਲਾਇਸੰਸੀ ਆਪਣੇ ਸਬੰਧਤ ਉਪ ਆਬਕਾਰੀ ਤੇ ਕਰ ਕਮਿਸ਼ਨਰ ਦੀ ਪੂਰਵ ਪ੍ਰਵਾਨਗੀ ਨਾਲ ਰਾਜ ਦੇ ਕਿਸੇ **ਦੂਜੇ** ਐਲ.1 ਤੋਂ ਮਾਲ ਖਰੀਦਣ ਲਈ ਲੋੜੀਂਦੇ ਪਰਮਿਟ ਲੈ ਸਕੇਗਾ। ਇਸ ਮੰਤਵ ਲਈ ਉਸਨੂੰ ਅੰਗ੍ਰੇਜੀ ਸ਼ਰਾਬ ਲਈ 5/- ਰੁਪਏ ਪ੍ਰਤੀ ਪਰੂਫ ਲੀਟਰ ਅਤੇ

ਬੀਅਰ ਲਈ 3/- ਰੁਪਏ ਪ੍ਰਤੀ ਬਲਕ ਲੀਟਰ ਦੀ ਦਰ ਨਾਲ **ਪਰਮਿਟ** ਫੀਸ ਅਦਾ ਕਰਨੀ ਹੋਵੇਗੀ।

ਹ) **ਐਲ.1(ਇੰਪੋਰਟ)** - ਰਾਜ ਤੋਂ ਬਾਹਰੋਂ ਸਰਾਬ ਲਿਆਉਣ ਲਈ ਅਤੇ ਕਸਟਮ ਬਾਂਡਿਡ ਵੇਅਰਹਾਊਸ ਤੋਂ ਖਰੀਦ ਕੇ ਵੇਚਣ ਲਈ ਐਲ.1(ਇੰਪੋਰਟ) ਲਾਇਸੰਸ ਜਾਰੀ ਰੱਖਿਆ ਗਿਆ ਹੈ। ਇਹ ਲਸੰਸ ਐਲ.1 ਲਾਇਸੰਸ ਦਾ ਸਪਲੀਮੈਂਟਰੀ ਲਾਇਸੰਸ ਹੋਵੇਗਾ ਅਤੇ ਕੇਵਲ ਐਲ.1 ਲਾਇਸੰਸੀ ਨੂੰ ਹੀ ਦਿੱਤਾ ਜਾਵੇਗਾ। ਇਸ ਲਸੰਸ ਦੀ ਸਲਾਨਾ ਲਾਇਸੰਸ ਫੀਸ 15 ਲੱਖ ਰੁਪਏ ਹੋਵੇਗੀ ਅਤੇ ਸਾਲ ਦੇ ਕਿਸੇ ਵੀ ਸਮੇਂ ਅਗਰ ਇਹ ਲਾਇਸੰਸ ਲਿਆ ਜਾਂਦਾ ਹੈ ਤਾਂ ਵੀ ਉਸਨੂੰ ਪੂਰੇ ਸਾਲ ਦੀ ਫੀਸ ਅਦਾ ਕਰਨੀ ਪਵੇਗੀ।

11.0 **ਰੀਟੇਲ ਵੈਂਡ ਦੀ ਗਿਣਤੀ** :- ਅੰਗਰੇਜ਼ੀ ਦੀ ਰੀਟੇਲ ਦੁਕਾਨ ਨੂੰ ਐਲ-2 ਲਾਇਸੰਸ ਅਤੇ ਦੇਸੀ ਦੀ ਰੀਟੇਲ ਦੁਕਾਨ ਨੂੰ ਐਲ-14ਏ ਲਾਇਸੰਸ ਦਿੱਤਾ ਜਾਂਦਾ ਹੈ। ਕਾਫੀ ਜਗ੍ਹਾਂ ਤੇ ਦੇਸੀ ਸ਼ਰਾਬ ਦੇ ਨਾਲ ਨਾਲ ਅੰਗ੍ਰੇਜੀ ਸਰਾਬ ਦੀਆਂ ਦੁਕਾਨਾ ਇੱਕ ਹੀ ਛੱਤ ਥੱਲੇ ਹੁੰਦੀਆਂ ਹਨ ਅਤੇ ਉਹਨਾਂ ਨੂੰ ਦੋਵਾਂ ਦਾ ਲਾਇਸੰਸ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਇਕ ਲਾਇਸੰਸਿੰਗ ਯੂਨਿਟ ਮੰਨਿਆ ਜਾਂਦਾ ਹੈ। ਪਿਛਲੇ ਸਾਲ ਰਾਜ ਵਿੱਚ 5749 ਐਲ-14ਏ ਅਤੇ 3588 ਐਲ-2 ਲਾਇਸੰਸ ਦਿੱਤੇ ਗਏ ਸਨ ਅਤੇ ਇਸ ਤਰ੍ਹਾਂ 5749 ਲਾਇਸੰਸਿੰਗ ਯੂਨਿਟ ਸਨ। ਸਾਲ 2019-20 ਦੌਰਾਨ ਲਾਇਸੰਸਿੰਗ ਯੂਨਿਟਾਂ ਦੀ ਗਿਣਤੀ 5749 ਤੋਂ ਮਾਮੂਲੀ ਵੱਧ ਸਕਦੀ ਹੈ।

12.0 **ਲੋਕੇਸ਼ਨ ਆਫ ਵੈਂਡ**:- ਮੌਜੂਦਾ ਨੀਤੀ ਤਹਿਤ ਠੇਕਿਆਂ ਦੇ **ਰਿਟੇਲ ਕੰਟਰੈਕਟ** ਗਰੁੱਪ ਜਾਂ ਜ਼ੋਨ ਦੇ ਰਿਟੇਲ ਕੰਟਰੇਕਟ ਬਣਾਕੇ ਕੀਤੀ ਜਾਂਦੀ ਹੈ। ਆਬਕਾਰੀ ਨੀਤੀ ਤਹਿਤ ਠੇਕੇ ਇੱਕ ਵਿੱਤੀ ਸਾਲ ਲਈ ਅਲਾਟ ਕੀਤੇ ਜਾਂਦੇ ਹਨ ਅਤੇ ਵਿਭਾਗ ਵਲੋਂ ਠੇਕੇ ਚਲਾਉਣ ਲਈ ਕੋਈ ਜਗ੍ਹਾ ਮੁਹਈਆ ਨਹੀ ਕਰਵਾਈ ਜਾਂਦੀ ਹੈ। ਇਸ ਕਾਰਨ ਗਰੁੱਪ/ਜ਼ੋਨ ਦੀ ਹੱਦ ਨਿਰਧਾਰਤ ਕੀਤੀ ਜਾਂਦੀ ਹੈ ਅਤੇ ਗਰੁੱਪ ਜਾਂ ਜ਼ੋਨ ਦੀ ਨਿਰਧਾਰਤ ਹੱਦ ਦੇ ਅੰਦਰ ਸਫਲ ਅਲਾਟੀ ਨਿਰਧਾਰਤ ਸੰਖਿਆ ਵਿੱਚ ਠੇਕੇ ਖੋਲ ਸਕਦਾ ਹੈ। ਠੇਕੇ ਦੀ ਜਗ੍ਹਾਂ ਦਾ ਪ੍ਰੰਬਧ ਕਰਨ ਦੀ ਜਿੰਮੇਵਾਰੀ ਲਸੰਸੀ ਦੀ ਹੈ ਅਤੇ ਹਰੇਕ ਲਸੰਸੀ ਆਬਕਾਰੀ ਐਕਟ ਅਤੇ ਇਸ ਐਕਟ ਦੇ ਤਹਿਤ ਬਣਾਏ ਗਏ ਨਿਯਮਾਂ ਤਹਿਤ ਸੰਬਧਤ ਧਾਰਾਵਾਂ ਦਾ ਪਾਲਣ ਕਰਦੇ ਹੋਏ ਵਿਭਾਗ ਦੀ ਮੰਜੂਰੀ ਨਾਲ ਹੀ ਠੇਕਾ ਖੋਲ ਸਕਦਾ ਹੈ।

ਸ਼ਹਿਰੀ ਖੇਤਰਾਂ ਵਿੱਚ ਜਿੱਥੇ ਜੋਨ ਨਹੀ ਬਣਾਏ ਗਏ ਹਨ, ਲਾਇਸੰਸੀ ਨੂੰ ਸ਼ਹਿਰ ਵਿੱਚ ਕਿਤੇ ਵੀ ਨਿਯਮਾਂ ਅਨੁਸਾਰ ਠੇਕਾ ਖੋਲਣ ਦੀ ਆਗਿਆ ਹੋਵੇਗੀ। ਜਿਸ ਖੇਤਰ ਵਿੱਚ ਜੋਨ ਬਣਾਏ ਗਏ ਹਨ, ਉਨ੍ਹਾਂ ਜ਼ੋਨਾਂ **ਵਿੱਚ** ਖੁੱਲਣ ਵਾਲੇ ਠੇਕਿਆਂ ਦੀ ਗਿਣਤੀ ਪਹਿਲਾਂ ਨਿਰਧਾਰਤ

ਕੀਤੀ ਗਈ ਜਾਵੇਗੀ। ਡਰਾਅ ਆਫ ਲਾਟਸ ਰਾਹੀਂ ਸਿਰਫ ਜੋਨ ਹੀ ਅਲਾਟ ਕੀਤੇ ਜਾਂਦੇ ਹਨ। ਅਲਾਟ ਹੋਏ ਜੋਨ ਦੇ ਠੇਕੇ ਉਸ ਜੋਨ ਦੇ ਏਰੀਏ ਵਿੱਚ ਕਿਤੇ ਵੀ ਖੁੱਲ ਸਕਦੇ ਹਨ। ਇਸੇ ਤਰ੍ਹਾਂ ਪੇਂਡੂ ਖੇਤਰ ਵਿੱਚ ਠੇਕੇ ਲਸੰਸੀ ਵਲੋਂ ਵਿਭਾਗ ਦੁਆਰਾ ਨਿਰਧਾਰਤ ਪਿੰਡ ਦੀ ਰੈਵਿਨਿਊ ਲਿਮਟ ਦੇ ਅੰਦਰ ਖੋਲੇ ਜਾ ਸਕਦੇ ਹਨ। ਪੇਂਡੂ ਠੇਕਿਆਂ ਲਈ ਬਿਨੈ ਪੱਤਰ ਕਿਸੇ ਵਿਸ਼ੇਸ ਖੇਤਰ ਲਈ ਹੁੰਦੇ ਹਨ। ਰਾਜ ਵਿਚ ਕੋਈ ਵੀ ਅਣ-ਅਧਿਕਾਰਤ ਬਰਾਂਚਾ ਜਾਂ ਕੋਈ ਗੈਰ ਕਾਨੂੰਨੀ ਠੇਕੇ ਖੋਲਣ ਦੀ ਇਜਾਜਤ ਨਹੀ ਹੋਵੇਗੀ। ਜੇਕਰ ਕੋਈ ਲਾਇਸੰਸੀ ਗੈਰ-ਕਾਨੂੰਨੀ ਠੇਕਾ ਖੋਲਦਾ ਹੈ ਤਾਂ ਮਹਿਕਮੇ ਵੱਲੋਂ ਸਖਤ ਕਦਮ ਲੈਦਿਆਂ ਹੋਇਆ ਉਸ ਦਾ ਗੈਰ ਕਾਨੂੰਨੀ ਠੇਕਾ ਬੰਦ ਕਰਨ ਉਪਰੰਤ ਲਾਇਸੰਸੀ ਦਾ ਮੰਜੂਰਸ਼ੁਦਾ ਠੇਕਾ ਵੀ ਘੱਟੋ-ਘੱਟ ਇੱਕ ਮਹੀਨੇ ਲਈ ਬੰਦ ਕਰਨ ਦੀ ਵਿਵਸਥਾ ਹੈ। ਇਸ ਨੂੰ ਲਾਗੂ ਕਰਨ ਲਈ ਉਸ ਆਬਕਾਰੀ ਸਰਕਲ ਦਾ ਆਬਕਾਰੀ ਨਿਰੀਖਕ ਪੂਰਨ ਤੌਰ ਤੇ ਜਿੰਮੇਵਾਰ ਹੈ। ਸਹਿਰੀ ਜਾਂ ਪੇਂਡੂ ਖੇਤਰ ਵਿੱਚ ਠੇਕਾ ਖੋਲਣ ਲਈ ਇਹ ਸਰਤ ਹੈ ਕਿ ਉਹ ਮਾਨਤਾ ਪ੍ਰਾਪਤ ਧਾਰਮਿਕ ਜਾਂ ਵਿਦਿਅਕ ਸੰਸਥਾਨ ਤੋਂ ਆਬਕਾਰੀ ਨਿਯਮਾਂ ਵਿੱਚ ਦਰਸਾਈ ਦੂਰੀ ਤੇ ਹੋਵੇ ਜਾਂ ਇਹ ਠੇਕੇ ਅਜਿਹੀ ਜਗ੍ਹਾ ਤੇ ਵੀ ਨਹੀ ਖੋਲੇ ਜਾ ਸਕਦੇ, ਜਿਥੇ ਕਿਸੇ ਹੋਰ ਕਾਰਨ ਕਰਕੇ ਸਮਰੱਥ ਅਧਿਕਾਰੀ ਵੱਲੋਂ ਮਨਾਹੀ ਕੀਤੀ ਗਈ ਹੋਵੇ। ਇਹ ਦੂਰੀ ਧਾਰਮਿਕ ਸਥਾਨ ਜਾਂ ਮਾਨਤਾ ਪ੍ਰਾਪਤ ਵਿਦਿਅਕ ਸੰਸਥਾ ਦੇ ਮੇਨ ਗੇਟ ਤੋ ਮੰਨੀ ਜਾਂਦੀ ਹੈ। ਉਪਰੋਕਤ ਉਪਬੰਧ ਰਜਿਸਟਰਡ/ਮਾਨਤਾ ਪ੍ਰਾਪਤ ਧਾਰਮਿਕ ਸੰਸਥਾਵਾਂ ਤੇ ਹੀ ਲਾਗੂ ਹੋਵੇਗਾ। ਜੇਕਰ ਸਾਲ ਦੌਰਾਨ ਕੋਈ ਮਾਨਤਾ ਪ੍ਰਾਪਤ ਵਿਦਿਅਕ ਅਦਾਰਾ ਜਾਂ ਧਾਰਮਿਕ ਅਦਾਰਾ ਖੁੱਲਦਾ ਹੈ ਤਾਂ ਇਹ ਉਪਬੰਧ ਅਗਲੇ ਵਿੱਤੀ ਸਾਲ ਤੋਂ ਵਿਚਾਰਿਆ ਜਾਵੇਗਾ।

ਸਫਲ ਅਲਾਟੀ ਨੂੰ ਪਹਿਲਾਂ ਵਾਲੇ ਸਥਾਨ ਤੇ ਚੱਲ ਰਹੇ ਠੇਕੇ ਦੀ ਜਗ੍ਹਾ ਦੀ ਮੰਜੂਰੀ ਦੇਣ ਤੋਂ ਇਨਕਾਰ ਨਹੀ ਕੀਤਾ ਜਾਵੇਗਾ। ਕਿਸੇ ਨਵੇਂ ਸਥਾਨ ਲਈ ਠੇਕੇ ਚਲਾਉਣ ਲਈ ਲਾਇਸੰਸਧਾਰਕ ਨੂੰ ਵਿਭਾਗ ਦੀ ਮਨਜੂਰੀ ਲੈਣੀ ਪਵੇਗੀ। ਇੱਕ ਲਾਇਸੰਸਿੰਗ ਯੂਨਿਟ ਦੇ ਐਲ-2 ਅਤੇ ਐਲ-14ਏ ਠੇਕੇ ਨੂੰ ਕੇਵਲ ਇਕ ਛੱਤ ਹੇਠ ਹੀ ਚਲਾਉਣ ਦੀ ਆਗਿਆ ਹੈ। ਇਸ ਤੋਂ ਇਲਾਵਾ ਲਸੰਸੀ ਪੰਜਾਬ ਆਬਕਾਰੀ ਐਕਟ, 1914 ਵਿੱਚ ਦਰਜ ਉਪਬੰਧਾਂ ਦੀ ਪਾਲਣਾ ਕਰਨਾ ਯਕੀਨੀ ਬਣਾਏਗਾ।

**13.0 ਲਾਇਸਸਿੰਗ ਯੂਨਿਟ**:- ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦੇ ਠੇਕਿਆਂ ਦਾ ਨਿਪਟਾਰਾ ਲਾਇਸੰਸਿੰਗ ਯੂਨਿਟ ਬਣਾ ਕੇ ਕੀਤਾ ਜਾਵੇਗਾ। ਸਹਿਰੀ ਖੇਤਰ ਵਿੱਚ ਇੱਕ ਲਾਇਸੰਸਿੰਗ ਯੂਨਿਟ ਵਿੱਚ ਇੱਕ ਐਲ-14ਏ ਠੇਕਾ ਅਤੇ ਇਕ ਐਲ-2 ਠੇਕਾ ਹੋਵੇਗਾ। ਪੇਂਡੂ

ਖੇਤਰਾਂ ਵਿੱਚ ਇਹ ਯੂਨਿਟ ਇੱਕਲਾ ਐਲ-14ਏ ਦਾ ਠੇਕਾ ਜਾਂ ਇੱਕ ਐਲ-14ਏ ਅਤੇ ਇੱਕ ਐਲ-2 ਦਾ ਠੇਕਾ ਹੋ ਸਕਦਾ ਹੈ। ਲਾਇਸੰਸਿੰਗ ਯੂਨਿਟਾਂ ਦੇ ਗਰੁੱਪਾਂ ਨੂੰ ਕੁਲੈਕਟਰ-ਕਮ-ਉਪ ਆਬਕਾਰੀ ਤੇ ਕਰ ਕਮਿਸਨਰ ਦੁਆਰਾ ਆਬਕਾਰੀ ਤੇ ਕਰ ਕਮਿਸ਼ਨਰ ਦੀ ਪੂਰਵ ਪ੍ਰਵਾਨਗੀ ਲੈ ਕੇ ਬਣਾਇਆ ਜਾਵੇਗਾ ।

14.0 **ਲਾਇਸੰਸਿੰਗ ਯੂਨਿਟ ਦੀ ਕੀਮਤ:-** ਇੱਕ ਲਾਇਸੰਸਿੰਗ ਯੂਨਿਟ ਦੀ ਲਾਇਸੰਸ ਫੀਸ ਦੀ ਕੀਮਤ 400 ਲੱਖ ਰੁਪਏ ਤੱਕ ਹੋਵੇਗੀ।

15.0 **ਲਾਇਸੰਸਿੰਗ ਯੂਨਿਟਾਂ ਦੇ ਗਰੁੱਪ ਅਤੇ ਜੋਨ ਬਣਾਉਣ ਦੀ ਸੁਵਿਧਾ** :- ਹਰ ਸਾਲ ਲਾਇੰਸਿੰਗ ਯੂਨਿਟਾਂ ਨੂੰ ਗਰੁੱਪਾ/ਜੋਨਾਂ ਵਿੱਚ ਬਣਾ ਕੇ ਉਹਨਾਂ ਦੀ ਅਲਾਟਮੈਂਟ ਲਈ ਅਰਜੀਆਂ ਮੰਗੀਆਂ ਜਾਂਦੀਆਂ ਹਨ। ਸਾਲ 2018-19 ਦੌਰਾਨ ਬਣਾਏ ਗਰੁੱਪਾਂ/ਜ਼ੋਨਾਂ ਨੂੰ ਹੀ ਸਾਲ 2019-20 ਦੌਰਾਨ ਰੱਖਿਆ ਜਾਵੇਗਾ। ਪ੍ਰੰਤੂ ਇਨ੍ਹਾਂ ਗਰੁੱਪਾਂ/ਜ਼ੋਨਾਂ ਦੀ ਫਿਕਸਡ ਲਸੰਸ ਫੀਸ, ਅਡੀਸ਼ਨਲ ਫਿਕਸਡ ਲਸੰਸ ਫੀਸ ਅਤੇ ਮਿਨੀਮਮ ਗਰੰਟੀਡ ਮਾਲੀਆ ਵਿੱਤੀ ਸਾਲ 2018-19 ਦੇ ਕੋਟੇ ਦੀ ਲਿਫਟਿੰਗ ਅਤੇ ਤਜ਼ਰਬੇ ਨੂੰ ਮੁੱਖ ਰੱਖਕੇ ਨਿਰਧਾਰਤ ਕੀਤਾ ਜਾ ਸਕੇਗਾ। ਅੰਤਰ-ਰਾਜੀ ਬਾਰਡਰ ਏਰੀਏ ਅਤੇ ਨਜ਼ਾਇਜ ਸ਼ਰਾਬ ਦੀ ਵਿਕਰੀ ਦੇ ਮੱਦੇਨਜ਼ਰ ਮੌਜੂਦਾ ਗਰੁੱਪਾਂ/ਜ਼ੋਨਾਂ ਵਿੱਚ ਹੀ ਜਰੂਰਤ ਅਨੁਸਾਰ ਠੇਕਿਆਂ ਦੀ ਗਿਣਤੀ ਵਿੱਚ ਮਾਮੂਲੀ ਵਾਧਾ ਕੀਤਾ ਜਾ ਸਕੇਗਾ।

ਉਪਰੋਕਤ ਲਾਇਸੰਸਿੰਗ ਯੂਨਿਟਾਂ ਦੇ ਗਰੁੱਪ ਜਾਂ ਜੋਨ ਨੂੰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰਾਂ ਦੀ ਸਲਾਹ ਨਾਲ ਉਪ ਆਬਕਾਰੀ ਤੇ ਕਰ ਕਮਿਸ਼ਨਰ ਵਲੋਂ ਬਣਾਇਆ ਜਾਵੇਗਾ ਅਤੇ ਇਹ ਆਬਕਾਰੀ ਤੇ ਕਰ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਬਣਾਏ ਜਾਣਗੇ। ਲਾਇਸੰਸਿੰਗ ਯੂਨਿਟਾਂ ਦੇ ਇਕ ਗਰੁੱਪ ਜਾਂ ਜੋਨ ਦਾ ਮਿਨਿਮਮ ਗਰੰਟੀਡ ਰੈਵਿਨਿਊ ਉਸੀ ਗਰੁੱਪ/ਜੋਨ ਵਿੱਚ ਸ਼ਾਮਲ ਲਾਇਸੰਸਿੰਗ ਯੂਨਿਟਾਂ ਦੇ ਮਿਨਿਮਮ ਗਰੰਟੀਡ ਰੈਵਿਨਿਊ ਦੇ ਜੋੜ ਦੇ ਬਰਾਬਰ ਹੋਵੇਗਾ।

ਸਰਕਾਰੀ ਮਾਲੀਏ ਦੇ ਹਿੱਤ ਵਿੱਚ, ਖਾਸ ਤੌਰ ਤੇ ਅੰਤਰ-ਰਾਜੀ ਬਾਰਡਰ ਤੇ, ਨਜ਼ਾਇਜ਼ ਸ਼ਰਾਬ ਦੀ ਕਸ਼ੀਦਗੀ ਜਾਂ ਕੋਈ ਹੋਰ ਮਜਬੂਰ ਕਰਨ ਵਾਲੇ ਹਾਲਾਤ, ਜੇਕਰ ਕਿਸੇ ਗਰੁੱਪ ਨੂੰ ਵੱਡਾ ਕਰਨ ਦੀ ਲੋੜ ਹੋਵੇ, ਤਾਂ ਅਜਿਹਾ ਵਧੀਕ ਮੁੱਖ ਸਕੱਤਰ ਜੀ (ਕਰ) ਦੀ ਪੂਰਵ ਪ੍ਰਵਾਨਗੀ ਨਾਲ ਕੀਤਾ ਜਾ ਸਕੇਗਾ।

ਲਾਇਸੰਸਿੰਗ ਯੂਨਿਟ/ਗਰੁਪ ਜਾਂ ਜੋਨ ਪ੍ਰਾਰਥੀਆਂ ਨੂੰ ਅਰਜੀਆਂ ਦੇ ਆਧਾਰ ਤੇ, ਹੇਠ ਲਿਖੀ ਪ੍ਰੀਕ੍ਰਿਆ ਅਨੁਸਾਰ ਡਰਾਅ ਰਾਹੀਂ ਅਲਾਟ ਕੀਤੇ ਜਾ ਸਕਣਗੇ:-

(ੳ) ਜੇਕਰ ਇੱਕ ਲਾਇਸੰਸਿੰਗ ਯੂਨਿਟ/ਗਰੁੱਪ ਲਈ ਇੱਕ ਤੋਂ ਵੱਧ ਅਰਜੀਆਂ ਹੋਣ ਤਾਂ ਉਸ ਸੂਰਤ ਵਿੱਚ ਡਰਾਅ ਆਫ ਲਾਟਸ ਦੇ ਆਧਾਰ ਤੇ ਅਲਾਟ ਠੇਕੇ ਕੀਤੇ ਜਾਣਗੇ।

ਜਾਂ

(ਅ) ਸ਼ਹਿਰੀ ਖੇਤਰ ਨੂੰ ਇੱਕ ਜਾਂ ਇੱਕ ਤੋਂ ਵੱਧ ਜੋਨਾਂ ਵਿੱਚ ਵੀ ਵੰਡਿਆ ਜਾ ਸਕੇਗਾ। ਬਿਨੈਕਾਰਾਂ ਤੋਂ ਪੂਰੇ ਸ਼ਹਿਰ ਵਾਸਤੇ ਜਾਂ ਇੱਕ ਜੋਨ ਵਾਸਤੇ ਅਰਜੀਆਂ ਮੰਗੀਆਂ ਜਾ ਸਕਣਗੀਆਂ। ਜੇਕਰ ਅਰਜੀਆਂ ਦੀ ਗਿਣਤੀ ਅਲਾਟ ਕੀਤੇ ਜਾਣ ਵਾਲੇ ਗਰੁੱਪਾਂ ਤੋਂ ਵੱਧ ਹੋਵੇ ਤਾਂ ਅਲਾਟਮੈਂਟ ਡਰਾਅ ਆਫ ਲਾਟਸ ਰਾਹੀਂ ਕੀਤੀ ਜਾ ਸਕੇਗੀ। ਸਫਲ ਅਲਾਟੀ ਦੇ ਗਰੁੱਪ ਨੰਬਰ/ਜੋਨ ਦੀ ਚੋਣ ਦੂਜੇ ਡਰਾਅ ਨਾਲ ਕੀਤੀ ਜਾਵੇਗੀ। ਉਸ ਸ਼ਹਿਰੀ ਖੇਤਰ ਦੇ ਹਰ ਜੋਨ ਵਿੱਚ ਜਿੰਨੇ ਗਰੁੱਪ ਹੋਣਗੇ, ਉਨ੍ਹੇ ਸਫਲ ਅਲਾਟੀ ਡਰਾਅ ਆਫ ਲਾਟਸ ਰਾਹੀਂ ਚੁਣੇ ਜਾਣਗੇ। ਸਫਲ ਅਲਾਟੀ ਨੂੰ ਜਿਸ ਜੋਨ ਦੀ ਅਲਾਟਮੈਂਟ ਹੋਵੇਗੀ, ਉਹ ਉਸ ਜੋਨ ਦੇ ਕਿਸੇ ਵੀ ਥਾਂ ਤੇ ਆਬਕਾਰੀ ਨਿਯਮਾਂ ਦੀ ਪਾਲਣਾ ਕਰਦੇ ਹੋਏ ਨਿਰਧਾਰਿਤ ਸੰਖਿਆ ਵਿੱਚ ਠੇਕੇ ਖੋਲ੍ਹ ਸਕੇਗਾ। ਕਿਉਂਕਿ ਬਹੁਤ ਸ਼ਹਿਰ ਮਿਉਂਸਿਪਲ ਹੱਦ ਤੋਂ ਬਾਹਰ ਵੱਧ ਚੁੱਕੇ ਹਨ, ਰਾਜ ਦੇ ਮਾਲੀਏ ਦੀ ਸੁਰੱਖਿਆ ਲਈ ਸਬੰਧਤ ਕੁਲੈਕਟਰ-ਕਮ-ਉਪ ਆਬਕਾਰੀ ਤੇ ਕਰ ਕਮਿਸਨਰ, ਨਾਲ ਲੱਗਦੀ ਵਸੋਂ ਨੂੰ ਵੀ ਸ਼ਹਿਰੀ ਖੇਤਰ ਦਾ ਹਿੱਸਾ ਬਣਾ ਸਕਦਾ ਹੈ।

ਜੇਕਰ ਕਿਸੇ ਸਫਲ ਅਲਾਟੀ ਨੇ ਆਪਣੇ ਨਿਰਧਾਰਤ ਜੋਨ ਦੀ ਸੀਮਾ ਅੰਦਰ ਕੋਈ ਠੇਕਾ ਸ਼ਿਫਟ ਕਰਨਾ ਹੈ ਤਾਂ ਉਹ ਉਸ ਲਈ ਲੋੜੀਂਦੀ ਦਰਖਾਸਤ 25,000/- ਰੁਪਏ ਦੀ ਫੀਸ ਜਮ੍ਹਾਂ ਕਰਵਾ ਕੇ ਕੁਲੈਕਟਰ-ਕਮ-ਉਪ ਆਬਕਾਰੀ ਤੇ ਕਰ ਕਮਿਸ਼ਨਰ ਨੂੰ 31 ਮਈ ਤੱਕ ਦੇ ਸਕੇਗਾ। ਇਹ ਆਪਸ਼ਨ ਉਹ ਆਪਣੇ ਇੱਕ ਠੇਕੇ ਲਈ ਕੇਵਲ ਇੱਕ ਵਾਰ ਹੀ ਇਸਤੇਮਾਲ ਕਰ ਸਕੇਗਾ।

ਜਾਂ

(ੲ) ਉਪਰ ਦਰਸਾਈਆਂ ਵਿਧੀਆਂ ਦਾ ਕੰਬੀਨੇਸ਼ਨ।

ਡਰਾਅ ਆਫ ਲਾਟਸ ਪ੍ਰੀਕ੍ਰਿਆ ਤਹਿਤ ਸਫਲ ਪ੍ਰਾਰਥੀ ਦਾ ਜੋਨ ਅਲਾਟ ਕਰਨ ਦਾ ਡਰਾਅ ਨਾਲ ਹੀ ਕੱਢਿਆ ਜਾਵੇਗਾ। ਅਗਲਾ ਡਰਾਅ ਸਫਲ ਅਲਾਟੀ ਵਲੋ ਬਣਦੀ ਫਿਕਸਡ ਲਾਇਸੰਸ ਫੀਸ ਜਮ੍ਹਾਂ ਕਰਵਾਏ ਜਾਣ ਉਪਰੰਤ ਹੀ ਕੱਢਿਆ ਜਾਵੇਗਾ।

**16.0 ਗਰੁੱਪ/ਜੋਨ ਦੀ ਮੁੜ ਅਲਾਟਮੈਂਟ**:- ਜੇਕਰ ਪਹਿਲੀ ਵਾਰ ਡਰਾਅ ਆਫ ਲਾਟਜ ਰਾਹੀ ਗਰੁੱਪ/ਜੋਨ ਦੀ ਅਲਾਟਮੈਂਟ ਨਿਰਧਾਰਤ ਮਿਨਿਮਮ ਗਰੰਟੀਡ ਰੈਵਿਨਿਊ/ਕੋਟੇ ਤੇ ਨਹੀ ਹੋ ਪਾਂਦੀ ਤਾਂ ਉਸ ਹਾਲਾਤ ਵਿੱਚ ਉਨ੍ਹਾਂ ਅਣਵਿੱਕੇ ਗਰੁੱਪ/ਜੋਨ ਦੀ ਅਲਾਟਮੈਂਟ ਦੁਬਾਰਾ ਅਰਜੀਆਂ ਮੰਗ ਕੇ

ਡਰਾਅ ਆਫ ਲਾਟਸ ਕੱਢਿਆ ਜਾਵੇਗਾ। ਜੇਕਰ ਫੇਰ ਵੀ ਇਹ ਗਰੁੱਪ/ਜੋਨ ਨਹੀਂ ਵਿਕਦੇ ਤਾਂ ਇਨ੍ਹਾਂ ਗਰੁੱਪਾਂ ਲਈ ਤਿੰਨ ਦਿਨਾਂ ਦਾ ਪਬਲਿਕ ਨੋਟਿਸ ਜਾਰੀ ਕਰਕੇ ਮਿਨਿਮਮ ਗਰੰਟੀਡ ਰੈਵਿਨਿਊ ਤੋਂ 5% ਘਟੀ ਹੋਈ ਰਿਜਰਵ ਪ੍ਰਾਈਸ ਤੇ ਸੀਲਡ ਕੁਟੇਸ਼ਨਾਂ ਮੰਗੀਆਂ ਜਾਣਗੀਆਂ। ਜੇਕਰ ਇਹ ਪ੍ਰਕਿਰਿਆ ਵੀ ਕਾਮਯਾਬ ਨਹੀਂ ਹੁੰਦੀ ਤਾਂ ਸਰਕਾਰ ਆਪ ਜਾਂ ਆਪਣੇ ਕਿਸੇ ਅਦਾਰੇ ਜਾਂ ਆਪਣੇ ਮੁਲਾਜਮਾਂ ਰਾਹੀਂ ਠੇਕੇ ਚਲਾਉਣ ਦਾ ਅਧਿਕਾਰ ਆਪਣੇ ਪਾਸ ਰੱਖਦੀ ਹੈ। ਇਨ੍ਹਾਂ ਗਰੁੱਪਾਂ ਦੀ ਅਲਾਟਮੈਂਟ ਲਈ ਜੇਕਰ ਕੋਈ ਹੋਰ ਪ੍ਰੀਕ੍ਰਿਆ ਅਪਣਾਉਂਣੀ ਪੈਂਦੀ ਹੈ ਤਾਂ ਉਸ ਸਬੰਧੀ ਫੈਸਲਾ ਲੈਣ ਦੇ ਅਧਿਕਾਰ ਮਾਨਯੋਗ ਮੁੱਖ ਮੰਤਰੀ ਜੀ ਨੂੰ ਹੋਣਗੇ। ਸਰਕਾਰ ਵੱਲੋਂ ਠੇਕੇ ਚਲਾਉਣ ਦੀ ਸੂਰਤ ਵਿੱਚ ਮਿਨਿਮਮ ਗਰੰਟੀਡ ਕੋਟੇ ਦੀ requirement ਨਹੀਂ ਹੋਵੇਗੀ।

ਜੇਕਰ ਕੋਈ ਸਫਲ ਬਿਨੈਕਾਰ/ਅਲਾਟੀ ਡਰਾਅ ਆਫ ਲਾਟਸ ਦੇ ਸਮਂ ਨਿਰਧਾਰਤ ਕੀਤੀ 25% ਫਿਕਸਡ ਲਾਇਸੰਸ ਫੀਸ ਤੋਂ ਬਾਅਦ ਬਾਕੀ ਦੀ ਫਿਕਸਡ ਲਾਇਸੰਸ ਫੀਸ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸਦੀ ਅਲਾਟਮੈਂਟ ਰੱਦ ਸਮਝੀ ਜਾਵੇਗੀ ਅਤੇ ਉਸ ਵਲੋਂ ਪਹਿਲਾਂ ਜਮ੍ਹਾਂ ਕਰਵਾਈ ਰਕਮ ਜ਼ਬਤ ਹੋ ਜਾਵੇਗੀ ਅਤੇ ਵੇਟਿੰਗ ਲਿਸਟ ਵਿੱਚ ਸ਼ਾਮਲ ਵਿਅਕਤੀ ਨੂੰ ਮੌਕਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ, ਜਿਹੜੇ ਠੇਕੇ ਮਿਨਿਮਮ ਗਰੰਟੀਡ ਰੈਵਿਨਿਊ ਆਦਿ ਜਮ੍ਹਾ ਨਾ ਕਰਵਾਉਣ ਕਰਕੇ ਬੰਦ ਕਰਨੇ ਪੈਣਗੇ, ਉਨ੍ਹਾਂ ਕੇਸਾਂ ਵਿੱਚ ਵੀ ਉਪਰੋਕਤ ਦਰਸਾਈ ਪ੍ਰੀਕਿਰਿਆ ਅਪਣਾਈ ਜਾਵੇਗੀ।

**17.0 ਅਲਾਟਮੈਂਟ ਲਈ ਅਰਜੀਆਂ:**- ਠੇਕਿਆਂ ਦੀ ਅਲਾਟਮੈਂਟ ਅਰਜੀਆਂ ਦੇ ਆਧਾਰ ਤੇ ਕੀਤੀ ਜਾਵੇਗੀ। ਇਹ ਅਰਜੀਆਂ ਲਾਇਸੰਸਿੰਗ ਯੂਨਿਟਾਂ/ਗਰੁੱਪਾਂ/ਜੋਨਾਂ ਲਈ ਪ੍ਰਾਪਤ ਕੀਤੀਆਂ ਜਾਣਗੀਆਂ।

**18.0 ਅਰਜੀਆਂ ਲਈ ਫੀਸ:**- ਲਾਇਸੰਸਿੰਗ ਯੂਨਿਟ/ਗਰੁਪ/ਜੋਨ ਦੀ ਅਲਾਟਮੈਂਟ ਲਈ ਬਿਨੈ ਪੱਤਰਾਂ ਦੀ ਕੀਮਤ 30,000/- ਰੁਪਏ (inclusive of GST, if any) ਪ੍ਰਤੀ ਅਰਜੀ ਰੱਖੀ ਗਈ ਹੈ । ਇਹ ਫੀਸ ਨਾਨ-ਰਿਫੰਡੇਬਲ ਹੋਵੇਗੀ।

ਐਪਲੀਕੇਸ਼ਨ ਫੀਸ ਤੋ ਪ੍ਰਾਪਤ ਹੋਣ ਵਾਲੀ ਰਾਸ਼ੀ ਦਾ 50% ਹਿੱਸਾ ਜਾਂ 50 ਕਰੋੜ ਰੁਪਏ (ਜੋ ਵੀ ਘੱਟ ਹੋਵੇ) ਐਕਸਾਇਜ ਐਂਡ ਟੈਕਸੇਸ਼ਨ ਟੈਕਨੀਕਲ ਸਰਵਿਸ ਏਜੰਸੀ (ਐਟਸਾ) ਦੇ ਅਕਾਊਂਟ ਵਿੱਚ ਬਤੌਰ ਗ੍ਰਾਂਟ-ਇਨ-ਏਡ ਟਰਾਂਸਫਰ ਕੀਤਾ ਜਾਵੇਗਾ

ਇਸ ਤਰ੍ਹਾਂ ਕਰਨ ਨਾਲ ਪਿਛਲੇ ਸਾਲ ਲਗਾਈ ਗਈ ਆਈ.ਟੀ.ਫੀਸ ਖਤਮ ਹੋ ਜਾਵੇਗੀ।

**19.0 ਅਰਜੀਆਂ ਲੈਣ ਦਾ ਤਰੀਕਾ:**- ਅਰਜੀਆਂ ਬੈਂਕਾਂ ਰਾਹੀਂ ਵੀ ਪ੍ਰਾਪਤ ਕੀਤੀਆਂ ਜਾਣਗੀਆਂ। ਇਸ ਮੰਤਵ ਲਈ ਆਬਕਾਰੀ ਤੇ ਕਰ ਕਮਿਸ਼ਨਰ ਵੱਲੋਂ ਵੱਖ-2 ਸ਼ਡਿਊਲਡ ਬੈਂਕ ਬਰਾਚਾਂ ਨੂੰ

ਅਧਿਕਾਰਤ ਕੀਤਾ ਗਿਆ ਹੈ। ਇਸ ਮੰਤਵ ਲਈ ਬੈਂਕ ਵਲੋਂ 125 **ਰੁਪਏ** ਪ੍ਰਤੀ ਅਰਜੀ ਪ੍ਰੋਸੈਸਿੰਗ ਫੀਸ ਚਾਰਜ ਕੀਤੀ ਜਾਵੇਗੀ, ਜੋਕਿ ਬਿਨੈਕਾਰਾਂ ਵੱਲੋਂ ਅਦਾ ਕੀਤੀ ਜਾਣੀ ਹੈ। ਕਿਸੇ ਵੀ ਅਧਿਕਾਰਤ ਬੈਂਕ ਬਰਾਂਚ ਤੇ ਪੰਜਾਬ ਦੇ ਕਿਸੇ ਵੀ ਜਿਲੇ ਦੇ ਕਿਸੇ ਵੀ ਗਰੁੱਪ ਲਈ ਅਰਜੀ ਪ੍ਰਾਪਤ ਕੀਤੀ ਜਾ ਸਕਦੀ ਹੈ।

**20.0 ਅਲਾਟਮੈਂਟ ਆਫ ਲਾਇਸੰਸਿੰਗ ਯੂਨਿਟ/ਗਰੁਪ/ਜੋਨ:-** ਸਾਲ 2019-20 ਦੌਰਾਨ ਸਾਲ 2018-19 ਦੀ ਆਬਕਾਰੀ ਨੀਤੀ ਵਿੱਚ ਦਰਜ ਪ੍ਰੋਵੀਜਨਾਂ ਨੂੰ ਜਾਰੀ ਰੱਖਿਆ ਜਾਵੇਗਾ।

ਪੀ.ਐਮ.ਐਲ. (ਐਲ-14ਏ) ਅਤੇ ਆਈ.ਐਮ.ਐਫ.ਐਲ. (ਐਲ-2) ਰਿਟੇਲ ਦੇ ਲਾਇਸੰਸ ਮੁਨਾਸਬ ਪ੍ਰਚਾਰ ਕਰਨ ਉਪਰੰਤ ਅਰਜੀਆਂ ਮੰਗ ਕੇ ਦਿੱਤੇ ਜਾਣਗੇ। ਜੇਕਰ ਕਿਸੇ ਵਿਸ਼ੇਸ ਇਲਾਕੇ ਵਿੱਚ ਅਲਾਟ ਕੀਤੀਆਂ ਜਾਣ ਵਾਲੀਆਂ ਇਕਾਈਆਂ ਜਾਂ ਗਰੁੱਪਾਂ ਜਾਂ ਜੋਨਾਂ ਦੀ ਗਿਣਤੀ ਤੋ ਅਰਜੀਆਂ ਦੀ ਗਿਣਤੀ ਜਿਆਦਾ ਹੈ ਤਾਂ ਉਸ ਸੂਰਤ ਵਿੱਚ ਅਲਾਟਮੈਂਟ ਬਿਨੈਕਾਰਾਂ ਅਤੇ ਜਨਤਾ ਦੀ ਹਾਜਰੀ ਅਤੇ ਵਿਭਾਗ ਦੀ ਹਾਜਰੀ ਵਿੱਚ ਪਾਰਦਰਸ਼ੀ ਪ੍ਰਣਾਲੀ ਰਾਂਹੀ ਲਾਟਰੀ ਦੇ ਡਰਾਅ ਕੱਢ ਕੇ ਕੀਤੀ ਜਾਵੇਗੀ। ਹਰ ਇੱਕ ਅਲਾਟਮੈਂਟ ਕੀਤੇ ਜਾਣ ਵਾਲੇ ਸਥਾਨ ਉਤੇ ਵਿਭਾਗ ਅਤੇ ਸਰਕਾਰ ਦੁਆਰਾ ਨਿਗਰਾਨ ਨਿਯੁਕਤ ਕੀਤੇ ਜਾਣਗੇ। ਡਰਾਅ ਆਫ ਲਾਟਸ ਵੇਲੇ ਜੇ ਕੋਈ ਵਿਅਕਤੀ ਵਿਭਾਗ ਵੱਲੋ ਕੱਢੇ ਗਏ ਡਰਾਅ ਨਾਲ ਸੰਤੁਸਟ ਨਹੀਂ ਹੈ ਤਾਂ ਉਹ ਡਰਾਅ ਦੇ ਅਨਾਉਸ ਹੋਣ ਦੇ ਇੱਕ ਘੰਟੇ ਦੇ ਅੰਦਰ-2 ਜਿਲੇ ਦੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਨੂੰ ਲਿਖਤੀ ਦਰਖਾਸਤ ਦੇ ਸਕਦਾ ਹੈ। ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਸਾਰੇ ਪੱਖਾਂ ਨੂੰ ਵਿਚਾਰ ਕੇ ਤਿੰਨ ਘੰਟੇ ਦੇ ਅੰਦਰ-2 ਸਪੀਕਿੰਗ ਆਰਡਰ ਰਾਹੀਂ ਸਾਰੀਆਂ ਧਿਰਾਂ ਨੂੰ ਆਪਣਾ ਫੈਸਲਾ ਦੇਵੇਗਾ। ਜੇਕਰ ਕੋਈ ਧਿਰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੇ ਫੈਸਲੇ ਤੋ ਸੰਤੁਸਟ ਨਹੀਂ ਹੈ ਤਾਂ ਉਹ ਉਸ ਫੈਸਲੇ ਦੇ ਵਿਰੁੱਧ 24 ਘੰਟੇ ਤੇ ਅੰਦਰ-2 ਸਬੰਧਤ ਉਪ ਆਬਕਾਰੀ ਤੇ ਕਰ ਕਮਿਸ਼ਨਰ ਕੋਲ ਅਪੀਲ ਕਰ ਸਕੇਗੀ। ਜੇਕਰ ਕੋਈ ਧਿਰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੇ ਫੈਸਲੇ ਦੇ ਵਿਰੁੱਧ ਅਪੀਲ ਕਰਨਾ ਚਾਹੁੰਦੀ ਹੈ ਤਾਂ ਉਹ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦਾ ਫੈਸਲਾ ਪ੍ਰਾਪਤ ਹੁੰਦੇ ਹੀ ਉਹਨਾਂ ਨੂੰ ਲਿਖਤੀ ਤੌਰ ਤੇ ਆਪਣੀ ਅਪੀਲ ਕਰਨ ਦੀ ਮਨਸ਼ਾ ਬਾਰੇ ਸੂਚਿਤ ਕਰੇਗੀ। ਅਜਿਹੀ ਸੂਚਨਾ ਪ੍ਰਾਪਤ ਹੋਣ ਤੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਅਲਾਟਮੈਂਟ ਦੀ ਪ੍ਰੀਕ੍ਰਿਆ ਨੂੰ ਪੈਡਿੰਗ ਕਰ ਦੇਣਗੇ। ਉਪ ਆਬਕਾਰੀ ਤੇ ਕਰ ਕਮਿਸ਼ਨਰ ਕੋਲ ਅਪੀਲ/ਸੁਣਵਾਈ ਤੋਂ ਪਹਿਲਾਂ ਹਰ ਧਿਰ ਨੂੰ ਫਿਕਸਡ ਲਾਇਸੰਸ ਫੀਸ ਦਾ ਦਸ (10) ਪ੍ਰਤੀਸ਼ਤ ਜਮ੍ਹਾਂ ਕਰਵਾਉਣਾ ਪਵੇਗਾ। ਉਪ ਆਬਕਾਰੀ ਤੇ ਕਰ ਕਮਿਸ਼ਨਰ ਅਪੀਲ ਪ੍ਰਾਪਤ ਹੋਣ ਦੇ 24

ਘੰਟੇ ਦੇ ਅੰਦਰ-2 ਸਾਰੇ ਪੱਖਾਂ ਨੂੰ ਸੁਣਕੇ ਸਪੀਕਿੰਗ ਆਰਡਰ ਜਾਰੀ ਕਰਨਗੇ। ਉਪ ਆਬਕਾਰੀ ਤੇ ਕਰ ਕਮਿਸ਼ਨਰ ਦਾ ਫੈਸਲਾ ਅੰਤਿਮ ਹੋਵੇਗਾ।

**21.0 ਫਿਕਸਡ ਲਾਇਸੰਸ ਫੀਸ (Fixed License Fee) (ੳ)** - ਸਾਲ **2019-20** ਦੌਰਾਨ ਫਿਕਸਡ ਲਾਇਸੰਸ ਫੀਸ ਦੇ ਤਰੀਕੇ ਨੂੰ ਜਾਰੀ ਰੱਖਿਆ ਜਾਵੇਗਾ ਜੋਕਿ ਸਾਰੇ ਗਰੁੱਪਾਂ ਵਿੱਚ ਉਨ੍ਹਾਂ ਦੇ ਪੋਟੈਂਸ਼ੀਅਲ ਮੁਤਾਬਕ ਵੰਡ ਦਿੱਤੀ ਜਾਵੇਗੀ। ਸਫਲ ਅਲਾਟੀ ਬਣਦੀ ਫਿਕਸਡ ਲਾਇਸੰਸ ਫੀਸ ਨੂੰ ਹੇਠ ਲਿਖੇ ਅਨੁਸਾਰ ਜਮ੍ਹਾਂ ਕਰਵਾਏਗਾ:-

| ਲੜੀ ਨੰਬਰ | ਸਟੇਜ | ਫਿਕਸਡ ਲਾਇਸੰਸ ਫੀਸ ਦੀ ਪ੍ਰਤੀਸਤਤਾ |
|---|---|---|
| 1. | ਡਰਾਅ ਆਫ ਲਾਟਸ ਸਮੇਂ | 25% |
| 2. | ਡਰਾਅ ਆਫ ਲਾਟਸ ਤੋਂ 48 ਘੰਟਿਆਂ ਦੇ ਅੰਦਰ-ਅੰਦਰ | 25% |
| 3. | ਡਰਾਅ ਆਫ ਲਾਟਸ ਤੋਂ 7 ਦਿਨਾਂ ਦੇ ਅੰਦਰ-ਅੰਦਰ | 50% |

ਜੇਕਰ ਕੋਈ ਸਫਲ ਅਲਾਟੀ ਫਿਕਸਡ ਲਸੰਸ ਫੀਸ ਦੀ ਇੱਕ ਜਾਂ ਇੱਕ ਤੋਂ ਵੱਧ ਕਿਸਤਾਂ ਜਮਾਂ ਕਰਵਾਉਣ ਉਪਰੰਤ ਅਗਲੀ ਕਿਸਤ ਜਮਾਂ ਨਹੀ ਕਰਵਾਉਂਦਾ ਹੈ ਤਾਂ ਉਸਦੇ ਵੱਲੋ ਜਮਾਂ ਕਰਵਾਈ ਗਈ ਫਿਕਸਡ ਲਸੰਸ ਫੀਸ ਜਬਤ ਕਰ ਲਈ ਜਾਵੇਗੀ ।

ਇਸ ਫਿਕਸਡ ਲਾਇਸੰਸ ਫੀਸ ਦੀ ਅਦਾਇਗੀ ਬੈਂਕ ਦੀ ਡਿਪਾਜਿਟ ਸਲਿੱਪ ਜਾਂ ਡੀਮਾਂਡ ਡਰਾਫਟ, ਬੈਕਰਜ ਚੈਕ, ਪੇ-ਆਰਡਰ ਅਤੇ ਅਦਰ ਪਰੀ-ਪੇਡ ਬੈਂਕ ਇਸਟਰੂਮੈਟ ਰਾਹੀਂ ਕੀਤੀ ਜਾ ਸਕਦੀ ਹੈ। ਅਗਲਾ ਡਰਾਅ ਪਹਿਲੇ ਸਫਲ ਅਲਾਟੀ ਵਲੋ ਬਣਦੀ ਫਿਕਸਡ ਲਾਇਸੰਸ ਫੀਸ ਜਮਾਂ ਕਰਾਉਣ ਤੋ ਬਾਅਦ ਹੀ ਕੱਢਿਆ ਜਾਵੇਗਾ। ਅਜਿਹਾ ਨਾਂ ਕਰਨ ਤੇ ਉਸਦੀ ਅਲਾਟਮੈਟ ਰੱਦ ਕਰ ਦਿੱਤੀ ਜਾਵੇਗੀ ਅਤੇ ਅਜਿਹੇ ਵਿਅਕਤੀ ਦੇ ਹੱਕ ਵਿਚ ਕਿਸੇ ਵੀ ਜਿਲ੍ਹੇ ਵਿਚ ਹੋਈ ਜਾਂ ਹੋਣ ਵਾਲੀ ਠੇਕਿਆਂ ਦੇ ਲਸੰਸਾਂ ਦੀ ਅਲਾਟਮੈਂਟ ਨੂੰ ਰੱਦ ਸਮਝਿਆ ਜਾਵੇਗਾ। ਜਦੋਂ ਬਣਦੀ ਫਿਕਸਡ ਲਾਇਸੰਸ ਫੀਸ ਅਦਾ ਕੀਤੀ ਜਾਵੇਗੀ, ਤਾਂ ਇਸ ਨਾਲ ਵਿਅਕਤੀ ਵਿਭਾਗ ਅਤੇ ਉਸ ਨਾਲ ਕੀਤੇ ਸਮਝੌਤੇ ਦੀਆਂ ਸ਼ਰਤਾਂ ਔਬਲੀਗੇਸ਼ਨਾਂ ਤਹਿਤ ਆ ਜਾਵੇਗਾ ਅਤੇ ਉਸ ਨੂੰ ਕੰਟਰੈਕਟ ਦੀਆਂ ਸਾਰੀਆਂ ਸ਼ਰਤਾਂ ਮੰਨਣੀਆਂ ਪੈਣਗੀਆਂ ਜਿਵੇਂ ਕਿ ਲਸੰਸ ਦਾ ਮਿਨਿਮਮ ਗਰੰਟੀਡ ਰੈਵਿਨਿਊ ਜਮ੍ਹਾਂ ਕਰਵਾਉਣਾ, ਮਿਨਿਮਮ ਗਰੰਟੀਡ ਕੋਟਾ ਚੁੱਕਣਾ ਆਦਿ। ਕੋਈ ਵੀ ਸਫਲ ਅਲਾਟੀ ਆਪਣੀ ਜੁੰਮੇਵਾਰੀ ਤੋ ਨਹੀ ਮੁਕਰੇਗਾ।

ਲਸੰਸੀ ਵੱਲੋਂ ਜਮ੍ਹਾਂ ਕਰਵਾਈ ਮਿਨਿਮਮ ਗਰੰਟੀਡ ਰੈਵਿਨਿਊ ਦੀ ਮਹੀਨਾਵਾਰ ਸੈਟਲਮੈਂਟ ਕਰਵਾਈ ਜਾਵੇਗੀ।

ਹਰ ਮਹੀਨੇ ਦੀ ਅਦਾਇਗੀ ਯੋਗ ਰਕਮ ਹਰ ਮਹੀਨੇ ਦੇ ਅਖੀਰਲੇ ਕਾਰਜੀ ਦਿਨ ਤੱਕ ਦੇਣੀ ਹੋਵੇਗੀ। ਬਣਦੀ ਰਕਮ ਨੂੰ ਦੇਰ ਨਾਲ ਭਰਨ ਤੇ 1.5% ਪ੍ਰਤੀ ਮਹੀਨੇ ਦਾ ਵਿਆਜ ਪ੍ਰਤੀ ਦਿਨ ਦੇ ਹਿਸਾਬ ਨਾਲ ਵਸੂਲਿਆ ਜਾਵੇਗਾ। ਜੇਕਰ ਪਿਛਲੇ ਮਹੀਨੇ ਦੀ ਬਣਦੀ ਰਕਮ ਅਗਲੇ ਮਹੀਨੇ ਦੀ 15 ਤਰੀਕ ਤੱਕ ਨਹੀਂ ਜਮਾਂ ਕਰਵਾਈ ਜਾਂਦੀ ਤਾਂ ਲਸੰਸ ਮੁਅੱਤਲ ਸਮਝਿਆ ਜਾਵੇਗਾ ਅਤੇ ਠੇਕੇ ਬੰਦ ਕਰ ਦਿੱਤੇ ਜਾਣਗੇ। ਲਸੰਸ ਦੀ ਬਹਾਲੀ ਉਦੋਂ ਹੀ ਕੀਤੀ ਜਾਵੇਗੀ ਜਦੋਂ ਬਕਾਇਆ ਰਕਮ ਅਤੇ ਵਿਆਜ ਦੀ ਅਦਾਇਗੀ 20 ਤਾਰੀਖ ਤੱਕ ਕਰ ਦਿੱਤੀ ਜਾਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਮੁਅੱਤਲ ਕੀਤੇ ਲਸੰਸ ਨੂੰ 20 ਤਾਰੀਖ ਨੂੰ ਰੱਦ ਕਰ ਦਿੱਤਾ ਜਾਵੇਗਾ ਅਤੇ ਕਾਨੂੰਨ ਮੁਤਾਬਕ ਰੀ-ਅਲਾਟਮੈਂਟ ਦੀ ਪ੍ਰੀਕ੍ਰਿਆ ਅਰੰਭੀ ਜਾਵੇਗੀ। ਜੇਕਰ ਰੀ-ਅਲਾਟਮੈਂਟ ਦੌਰਾਨ ਸਰਕਾਰੀ ਮਾਲੀਏ ਦਾ ਨੁਕਸਾਨ ਹੁੰਦਾ ਹੈ ਤਾਂ ਉਸਦੀ ਭਰਪਾਈ ਲਈ ਅਸਲ ਅਲਾਟੀ ਜੁੰਮੇਵਾਰ ਹੋਵੇਗਾ।

22.0 **ਮਿਨਿਮਮ ਗਰੰਟੀਡ ਰੈਵਿਨਿਉ**: ਮਿਨਿਮਮ ਗਰੰਟੀਡ ਰੈਵਿਨਿਉ ਵਿੱਚ ਲਾਇਸੰਸ ਦੀ ਫਿਕਸਡ ਲਾਇਸੰਸ ਫੀਸ, ਦੇਸੀ ਸ਼ਰਾਬ, ਅੰਗ੍ਰੇਜੀ ਸ਼ਰਾਬ ਅਤੇ ਬੀਅਰ ਦੇ ਮਿਨਿਮਮ ਗਰੰਟੀਡ ਕੋਟੇ ਤੇ ਐਲ.2/ਐਲ.14ਏ ਲਸੰਸ ਤੇ ਲੱਗਣ ਵਾਲੀ ਆਬਕਾਰੀ ਡਿਊਟੀ ਅਤੇ ਸਪੈਸ਼ਲ ਲਸੰਸ ਫੀਸ, ਦੇਸੀ ਸ਼ਰਾਬ, ਅੰਗ੍ਰੇਜੀ ਸ਼ਰਾਬ ਅਤੇ ਬੀਅਰ ਤੇ ਐਲ.13/ਐਲ.1 ਸਟੇਜ ਤੇ ਲੱਗਣ ਵਾਲੀ ਆਬਕਾਰੀ ਡਿਊਟੀ ਦੀ ਘੱਟ ਤੋਂ ਘੱਟ ਦਰ ਤੇ ਬਣਨ ਵਾਲੀ ਰਕਮ ਅਤੇ ਵਾਧੂ ਫਿਕਸਡ ਲਸੰਸ ਫੀਸ ਦੀ ਰਕਮ ਸ਼ਾਮਲ ਹੋਣਗੀਆਂ। ਜੇਕਰ ਕੋਈ ਲਸੰਸੀ ਆਪਣਾ ਨਿਰਧਾਰਤ ਕੋਟਾ ਲਸੰਸ ਦੀਆਂ ਸ਼ਰਤਾਂ ਮੁਤਾਬਕ ਨਹੀਂ ਚੁੱਕਦਾ ਤਾਂ ਬਕਾਇਆ ਕੋਟੇ ਤੇ ਉਸਨੂੰ ਦੇਸੀ ਸ਼ਰਾਬ ਤੇ ਬਣਦੀ ਆਬਕਾਰੀ ਡਿਊਟੀ ਅਤੇ ਐਲ.13 ਦੇ ਪੱਧਰ ਤੇ ਜਮ੍ਹਾਂ ਕਰਵਾਈ ਜਾਣ ਵਾਲੀ ਡਿਊਟੀ ਅਦਾ ਕਰਨੀ ਹੋਵੇਗੀ। ਇਸੇ ਤਰ੍ਹਾਂ ਅੰਗ੍ਰੇਜੀ ਸ਼ਰਾਬ ਦੇ ਬਕਾਇਆ ਕੋਟੇ ਤੇ ਬਣਦੀ ਆਬਕਾਰੀ ਡਿਊਟੀ ਅਤੇ ਐਲ.1 ਪੱਧਰ ਤੇ ਜਮ੍ਹਾਂ ਕਰਵਾਈ ਜਾਣ ਵਾਲੀ ਆਬਕਾਰੀ ਡਿਊਟੀ ਦੇ ਇਵਜ਼ ਵਿੱਚ 150/- ਰੁਪਏ ਪ੍ਰਤੀ ਪਰੂਫ ਲੀਟਰ ਦੀ ਦਰ ਨਾਲ ਬਣਦੀ ਰਕਮ ਅਦਾ ਕਰਨੀ ਹੋਵੇਗੀ। ਇਸੇ ਤਰ੍ਹਾਂ ਬੀਅਰ ਦੇ ਬਕਾਇਆ ਕੋਟੇ ਤੇ ਜਮ੍ਹਾਂ ਕਰਵਾਈ ਜਾਣ ਵਾਲੀ ਆਬਕਾਰੀ ਡਿਊਟੀ ਅਤੇ ਐਲ.1 ਪੱਧਰ ਤੇ ਜਮ੍ਹਾਂ ਕਰਵਾਈ ਜਾਣ ਵਾਲੀ ਆਬਕਾਰੀ ਡਿਊਟੀ (ਘੱਟ ਤੋਂ ਘੱਟ ਸਲੈਬ ਅਨੁਸਾਰ) ਅਦਾ ਕਰਨੀ ਹੋਵੇਗੀ।

ਵਿਭਾਗ ਸਾਲ ਦੌਰਾਨ ਫਿਕਸਡ ਲਾਇਸੰਸ ਫੀਸ ਜਾਂ ਲੈਵੀਜ ਦੇ ਨਾਵਾਂ ਵਿੱਚ ਕੋਈ ਤਬਦੀਲੀ ਕਰ ਸਕਦਾ ਹੈ।

**23.0 ਆਬਕਾਰੀ ਡਿਊਟੀ ਦੇ ਰੇਟ :**

(ੳ) **ਆਬਕਾਰੀ ਡਿਊਟੀ** ਦੇਸੀ ਅਤੇ ਅੰਗਰੇਜੀ ਸ਼ਰਾਬ ਉੱਤੇ ਆਬਕਾਰੀ ਡਿਊਟੀ ਕ੍ਰਮਵਾਰ 324/-ਰੁਪਏ ਪ੍ਰਤੀ ਪਰੂਫ ਲੀਟਰ ਅਤੇ 355/- ਰੁਪਏ ਪ੍ਰਤੀ ਪਰੂਫ ਲੀਟਰ ਨਿਰਧਾਰਤ ਕੀਤੀ ਗਈ ਹੈ। ਬੀਅਰ ਤੇ ਇਹ ਆਬਕਾਰੀ ਡਿਊਟੀ 55/- ਰੁਪਏ ਪ੍ਰਤੀ ਬਲਕ ਲਿਟਰ ਨਿਰਧਾਰਤ ਕੀਤੀ ਗਈ ਹੈ। ਇਹ ਆਬਕਾਰੀ ਡਿਊਟੀ ਐਲ.2 ਜਾਂ ਐਲ.14ਏ ਲਸੰਸੀ ਦੁਆਰਾ ਐਲ.1 ਜਾਂ ਐਲ.13 ਤੋਂ ਸ਼ਰਾਬ ਖਰੀਦਣ ਲਈ ਲੋੜੀਂਦੇ ਟਰਾਂਸਪੋਰਟ ਪਰਮਿਟ ਜਾਰੀ ਕਰਨ ਸਮੇਂ ਅਦਾ ਕੀਤੀ ਜਾਵੇਗੀ।

**(ਅ)** **ਆਬਕਾਰੀ ਡਿਊਟੀ** - ਦੇਸੀ ਸਰਾਬ ਤੇ 35/- ਰੁਪਏ ਪ੍ਰਤੀ ਪਰੂਫ ਲੀਟਰ ਦੀ ਦਰ ਨਾਲ ਆਬਕਾਰੀ ਡਿਊਟੀ ਲਗਾਈ ਗਈ ਹੈ ਅਤੇ ਐਲ.13 ਲਸੰਸੀ ਡਿਸਟਿਲਰੀ ਤੋਂ ਦੇਸੀ ਸ਼ਰਾਬ ਟਰਾਂਸਪੋਰਟ ਕਰਨ ਲਈ ਜਾਰੀ ਹੋਣ ਵਾਲੇ ਪਰਮਿਟ ਬਣਵਾਉਣ ਸਮੇਂ ਇਹ ਡਿਊਟੀ ਅਦਾ ਕਰੇਗਾ। ਜੇਕਰ ਕੋਈ ਡੀ.2 ਲਸੰਸੀ ਮਿਨਿਮਮ ਰਿਟੇਲ ਪ੍ਰਾਈਸ ਵਿੱਚ ਵਾਧਾ ਕਰਦਾ ਹੈ ਤਾਂ ਉਸਨੂੰ ਵਧੀ ਹੋਈ ਐਮ.ਆਰ.ਪੀ. ਤੇ ਵਾਧੂ ਆਬਕਾਰੀ ਡਿਊਟੀ ਅਦਾ ਕਰਨੀ ਹੋਵੇਗੀ। ਸਟਰਾਂਗ ਬੀਅਰ ਉਪਰ ਇਹ ਆਬਕਾਰੀ ਡਿਊਟੀ 62/- ਰੁਪਏ ਅਤੇ ਲਾਈਟ ਬੀਅਰ ਤੇ 57/- ਰੁਪਏ ਪ੍ਰਤੀ ਬਲਕ ਲਿਟਰ ਦੇ ਹਿਸਾਬ ਨਾਲ ਚਾਰਜ ਕੀਤੇ ਜਾਵੇਗੀ। ਅੰਗ੍ਰੇਜੀ ਸਰਾਬ ਤੇ ਆਬਕਾਰੀ ਡਿਊਟੀ ਈ.ਡੀ.ਪੀ. ਦੀ ਰੇਂਜ ਦੇ ਹਿਸਾਬ ਨਾਲ ਵੱਖ-ਵੱਖ ਰੇਟਾਂ ਤੇ ਹੇਠ ਲਿਖੇ ਅਨੁਸਾਰ ਚਾਰਜ ਕੀਤੀ ਜਾਵੇਗੀ:-

| **EDP Range of IMFL/IFL (2018-19)** | **Rate of Excise Duty per PL (2019-20)** |
|---|---|
| EDP upto 650 | 90/- |
| EDP 651-950 | 115/- |
| EDP 951-1200 | 140/- |
| EDP 1201-1400 | 165/- |
| EDP 1401-1500 | 200/- |
| EDP 1501-2000 | 210/- |
| EDP 2001-2500 | 225/- |
| EDP 2501-3000 | 270/- |
| EDP 3001-3500 | 280/- |
| EDP 3501-4000 | 300/- |
| EDP 4001-4500 | 320/- |
| EDP 4501-5000 | 380/- |
| EDP 5001-7000 | 400/- |
| EDP above 7000 | 420/- |

ਇਹ ਡਿਊਟੀ ਐਲ.1 ਲਸੰਸੀ/ਡਿਸਟਿਲਰੀ/ਬਾਂਟਲਿੰਗ ਪਲਾਂਟ ਤੋਂ ਅੰਗ੍ਰੇਜੀ ਸ਼ਰਾਬ ਟਰਾਂਸਪੋਰਟ ਕਰਨ ਲਈ ਜਾਰੀ ਹੋਣ ਵਾਲੇ ਪਰਮਿਟ ਬਣਵਾਉਣ ਸਮੇਂ ਅਦਾ ਕਰੇਗਾ।

**24.0 ਇੰਪੋਰਟ ਫੀਸ** :- ਆਈ.ਐਮ.ਐਫ.ਐਲ ਤੇ 27.50/- ਰੁਪਏ ਪ੍ਰਤੀ ਪਰੂਫ ਲੀਟਰ ਦੀ ਦਰ ਤੇ ਇੰਪੋਰਟ ਫੀਸ ਚਾਰਜ ਕੀਤੀ ਜਾਵੇਗੀ। ਕੈਨਡ ਬੀਅਰ ਅਤੇ ਬਾਟਲਡ ਬੀਅਰ ਤੇ ਰਾਜ ਤੋਂ ਬਾਹਰੋਂ ਮੰਗਾਈ ਜਾਣ ਵਾਲੀ ਬੀਅਰ ਤੇ 11/- ਰੁਪਏ ਪ੍ਰਤੀ ਬੀ.ਐਲ. ਦੀ ਦਰ ਨਾਲ ਇੰਪੋਰਟ ਫੀਸ ਚਾਰਜ ਕੀਤੀ ਜਾਵੇਗੀ।

**25.0 ਅਸੈਸਡ ਫੀਸ ਦੇ ਰੇਟ** : ਅਸੈਸਡ ਫੀਸ ਦੀ ਦਰ ਨੂੰ **ਰੇਟ ਚਾਰਟ** ਵਿੱਚ ਦਰਸਾਇਆ ਗਿਆ ਹੈ।

**26.0 ਸਲਾਨਾ ਲਸੰਸ ਫੀਸ/ਪਹਿਲਾਂ ਹੀ ਗ੍ਰਾਂਟ ਕੀਤੇ ਲਸੰਸਾਂ ਦੀ ਰਿਨਿਊਵਲ ਫੀਸ/ਨਵੇਂ ਲਸੰਸ ਦੇ ਰੇਟ:** ਵੱਖ-ਵੱਖ ਲਾਇਸੰਸਾਂ ਦੀ ਲਾਇਸੰਸ ਫੀਸ ਅਤੇ ਨਵਕ੍ਰਿਤੀ ਫੀਸ ਦੀਆਂ ਦਰਾਂ ਨੂੰ **ਰੇਟ ਚਾਰਟ** ਵਿੱਚ ਦਰਸਾਇਆ ਗਿਆ ਹੈ।

**27.0 ਕੋਟਾ ਇੰਟਰਚੇਂਜ:** ਲਾਇਸੰਸੀ ਆਪਣੇ ਅੰਗਰੇਜ਼ੀ ਜਾਂ ਦੇਸੀ ਸਰਾਬ ਦੇ ਕੁੱਲ ਮਿਨਿਮਮ ਗਰੰਟੀਡ ਕੋਟੇ ਵਿੱਚੋ 5% ਤੱਕ ਦੇ ਕੋਟੇ ਨੂੰ ਦੇਸੀ ਤੋਂ ਅੰਗਰੇਜ਼ੀ ਜਾਂ ਅੰਗਰੇਜ਼ੀ ਤੋਂ ਦੇਸੀ ਕੋਟੇ ਵਿੱਚ ਮੰਗ ਅਨੁਸਾਰ ਤਬਦੀਲ ਕਰ ਸਕਦਾ ਹੈ । ਲਸੰਸੀ ਵੱਲੋਂ ਜਿਸ ਕੈਟਗਰੀ ਦੀ ਸ਼ਰਾਬ (ਦੇਸੀ ਜਾਂ ਅੰਗ੍ਰੇਜੀ) ਦੀ ਲਿਫਟਿੰਗ ਕਰਨੀ ਹੈ, ਲਸੰਸੀ ਨੂੰ ਉਸੇ ਕੈਟੇਗਰੀ ਦੀਆਂ ਬਣਦੀਆਂ ਡਿਊਟੀਆਂ ਅਦਾ ਕਰਨੀਆਂ ਪੈਣਗੀਆਂ।

**28.0 ਕੋਟਾ ਕੰਨਵਰਸਨ** : ਲਸੰਸਧਾਰੀ ਜਿਨਾਂ ਦੇ ਯੂਨਿਟਾਂ ਨਾਲ ਐਲ-2 ਠੇਕੇ ਸਬੰਧਤ ਹਨ, ਨੂੰ ਆਪਣੇ ਪੀ.ਐਮ. ਐਲ. ਦੇ ਕੋਟੇ ਦੇ 10% ਹਿੱਸੇ ਨੂੰ ਆਈ.ਐਮ.ਐਫ.ਐਲ. ਵਿੱਚ ਹੇਠ ਲਿਖੀਆਂ ਸ਼ਰਤਾਂ ਤੇ ਤਬਦੀਲ ਕਰ ਸਕਦੇ ਹਨ:-

i) ਇਹ ਆਪਸ਼ਨ ਅਜਿਹੇ ਲਸੰਸ ਧਾਰਕਾਂ ਨੂੰ ਉਪਲਬਧ ਨਹੀਂ ਹੋਵੇਗੀ ਜਿਹਨਾਂ ਦੇ ਲਸਸਿੰਗ ਯੂਨਿਟਾਂ/ ਗਰੁੱਪ/ਜੋਨ ਵਿੱਚ ਕੇਵਲ ਐਲ-14 ਏ ਠੇਕਾ/ਠੇਕੇ ਹਨ। ਪ੍ਰੰਤੂ ਜੇਕਰ ਕਿਸੇ ਐਲ.14ਏ ਲਸੰਸੀ ਨੇ ਵਾਧੂ ਫਿਕਸਡ ਲਾਇਸੰਸ ਫੀਸ ਦੇ ਇਵਜ ਵਿੱਚ ਅੰਗ੍ਰੇਜੀ ਸ਼ਰਾਬ ਦਾ ਕੋਟਾ ਚੁੱਕਿਆ ਹੈ ਤਾਂ ਉਹ ਇਸ ਕੰਨਵਰਸ਼ਨ ਦਾ ਲਾਭ ਲੈਣ ਲਈ ਯੋਗ ਹੋਵੇਗਾ।

ii) ਇਹ ਆਪਸ਼ਨ ਉਹਨਾਂ ਡਿਸਟਿਲਰੀਆਂ ਲਈ ਹੀ ਹੋਵੇਗੀ ਜੋ ਦੇਸੀ ਸ਼ਰਾਬ ਅਤੇ ਆਪਣੇ ਰਜਿਸਟਰਡ ਆਈ.ਐਮ.ਐਫ.ਐਲ. ਦੇ ਬਰਾਂਡਜ ਬਣਾਉਂਦੀਆਂ ਹਨ।

iii) ਲਿਫਟ ਕੀਤੇ ਜਾਣ ਵਾਲੇ 1200 ਰੁਪਏ ਤੱਕ ਦੀ ਈ.ਡੀ.ਪੀ. ਦੇ ਬਰਾਂਡ ਦੀ ਐਲ-1 ਪੱਧਰ ਤੇ ਲੱਗਣ ਵਾਲੀ ਆਬਕਾਰੀ ਡਿਊਟੀ ਨਾਰਮਲ ਰੇਟ ਤੋਂ ਅੱਧੇ ਰੇਟ ਤੇ ਚਾਰਜ ਕੀਤੀ ਜਾਵੇਗੀ। 1201-1500 ਰੁਪਏ ਤੱਕ ਦੀ ਈ.ਡੀ.ਪੀ. ਦੇ ਬਰਾਂਡ ਦੀ ਐਲ.1 ਪੱਧਰ ਤੇ ਲੱਗਣ ਵਾਲੀ ਆਬਕਾਰੀ ਡਿਊਟੀ ਨਾਰਮਲ ਰੇਟ ਦਾ 75% ਚਾਰਜ ਕੀਤੀ ਜਾਵੇਗੀ ਅਤੇ ਜੇਕਰ ਲਿਫਟ ਕੀਤੇ ਜਾਣ ਵਾਲੇ ਬਰਾਂਡ ਦੀ ਈ.ਡੀ.ਪੀ. 1500/- ਰੁਪਏ ਤੋਂ ਵੱਧ ਹੈ ਤਾਂ ਆਬਕਾਰੀ ਡਿਊਟੀ ਨਾਰਮਲ ਰੇਟ ਤੇ ਚਾਰਜ ਕੀਤੀ ਜਾਵੇਗੀ। ਇਸ ਕੋਟੇ ਉੱਪਰ ਐਲ-14 ਏ ਪੱਧਰ ਤੇ ਦੇਸ਼ੀ ਸ਼ਰਾਬ ਦੀ ਬਣਦੀ ਆਬਕਾਰੀ ਡਿਊਟੀ ਜਮ੍ਹਾ ਕਰਵਾਉਣੀ ਹੋਵੇਗੀ। ਇਸ ਲਈ ਐਲ.14ਏ ਅਤੇ ਐਲ.2 ਲਸੰਸੀ ਨੂੰ ਡਿਸਟਿਲਰੀ ਤੋਂ ਸ਼ਰਾਬ ਲਿਆਉਣ ਲਈ ਵੱਖਰੇ ਪਰਮਿਟ ਜਾਰੀ ਕੀਤੇ ਜਾਣਗੇ।

iv) ਇਹ ਤਬਦੀਲੀ ਦੇਸੀ ਸਰਾਬ ਦੇ 70% ਪ੍ਰਤੀਸਤ ਓਪਨ ਕੋਟੇ ਵਿੱਚੋਂ ਹੋਵੇਗੀ ਜਿਹੜਾ ਕਿ ਕਿਸੇ ਵੀ ਡੀ.2 ਲੰਸਸੀ ਤੋਂ ਚੁੱਕਿਆ ਜਾ ਸਕਦਾ ਹੈ, ਜਿਸ ਦੇ ਆਈ.ਐਮ.ਐਫ.ਐਲ. ਦੇ ਆਪਣੇ ਰਜਿਸਟਰਡ ਬਰਾਂਡ ਹੋਣ।

**29.0 ਨਿਰਧਾਰਿਤ ਮਿਨਿਮਮ ਗਰੰਟੀਡ ਕੋਟੇ ਦੀ 100% ਲਿਫਟਿੰਗ ਅਤੇ ਸਾਰੀਆਂ ਆਬਕਾਰੀ ਡਿਊਟੀਆਂ ਦੀ ਅਦਾਇਗੀ ਯਕੀਨੀ ਬਣਾਉਣ ਬਾਰੇ**:- ਲਾਇਸੰਸੀ ਬਣਦੇ ਕੋਟੇ ਦੀਆਂ ਸਾਰੀਆਂ ਲੈਵੀਜ ਹਰ ਮਹੀਨੇ ਦੇ ਆਖਰੀ ਦਿਨ ਤੱਕ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵੇਗਾ ਚਾਹੇ ਉਸ ਵੱਲੋ ਬਣਦਾ ਕੋਟਾ ਚੁੱਕਿਆ ਗਿਆ ਹੋਵੇ ਜਾਂ ਨਹੀਂ। ਜੇਕਰ ਪਿਛਲੇ ਮਹੀਨੇ ਵਿੱਚ ਲਾਇਸੰਸੀ ਨੇ ਬਣਦੇ ਕੋਟੇ ਦੀ ਪ੍ਰਤੀਸ਼ਤਤਾ ਤੋਂ ਘੱਟ ਕੋਟਾ ਚੁੱਕਿਆ ਹੈ ਪਰ ਲੈਵੀਜ ਪੂਰੀਆਂ ਅਦਾ ਕੀਤੀਆਂ ਹਨ ਅਤੇ ਅਗਲੇ ਮਹੀਨੇ ਦੇ ਕੋਟੇ ਦੀ ਬਣਦੀ ਪ੍ਰਤੀਸ਼ਤਤਾ ਤੋਂ ਵੱਧ ਕੋਟਾ ਚੁੱਕਿਆ ਹੈ ਤਾਂ ਉਸ ਪਿਛਲੇ ਮਹੀਨੇ ਵਿੱਚ ਅਣਚੁੱਕੇ ਕੋਟੇ ਦੀਆਂ ਲੈਵੀਜ ਅਗਲੇ ਮਹੀਨੇ ਵਿੱਚ ਅਡਜਸਟ ਕਰਵਾ ਸਕੇਗਾ।

**30.0 ਬਾਟਲਿੰਗ ਫੀਸ** :- ਅੰਗ੍ਰੇਜੀ ਸ਼ਰਾਬ ਅਤੇ ਬੀਅਰ ਉੱਪਰ 1/- ਰੁਪਏ ਪ੍ਰਤੀ ਬਲਕ ਲਿਟਰ ਦੀ ਦਰ ਨਾਲ ਬਾਟਲਿੰਗ ਫੀਸ ਚਾਰਜ ਕੀਤੀ ਜਾਵੇਗੀ। ਇਹ ਫੀਸ ਪੰਜਾਬ ਵਿੱਚ ਜਾਂ ਪੰਜਾਬ ਤੋਂ ਬਾਹਰ ਵਿਕਣ ਵਾਲੀ ਸ਼ਰਾਬ ਅਤੇ ਬੀਅਰ ਦੋਨਾਂ ਤੇ ਹੀ ਲੱਗਣਯੋਗ ਹੋਵੇਗੀ। ਇਹ ਫੀਸ ਜਿਸ ਸਮੇਂ ਬਰਿਊ ਜਾਂ ਬਲੈਂਡ ਬਾਟਲਿੰਗ ਲਈ ਇਸ਼ੂ ਹੁੰਦਾ ਹੈ, ਅਦਾ ਕਰਨਯੋਗ ਹੋਵੇਗੀ। ਭਾਵ ਕਿ ਇਹ ਫੀਸ ਅਦਾ ਕੀਤੇ ਬਿਨਾ ਬਾਟਲਿੰਗ ਦੀ ਪ੍ਰਕੀਰਿਆ ਸ਼ੁਰੂ ਨਹੀਂ ਕੀਤੀ ਜਾ ਸਕਦੀ। ਇਸ ਮੱਦ ਅਧੀਨ ਪ੍ਰਾਪਤ ਹੋਣ ਵਾਲਾ ਮਾਲੀਆ ਸ਼ਰਾਬ ਦੀ ਡੀ-ਐਡੀਕਸ਼ਨ ਵਾਸਤੇ ਇਸਤੇਮਾਲ ਕੀਤਾ ਜਾਵੇਗਾ।

**31.0 ਪਰਚੂਨ ਵਿੱਚ ਵਿਕਰੀ ਰੇਟ** :- ਹਰ ਸਾਲ ਦੀ ਆਬਕਾਰੀ ਨੀਤੀ ਵਿੱਚ ਦੇਸੀ ਅਤੇ ਅੰਗਰੇਜ਼ੀ ਸ਼ਰਾਬ ਦੀ ਪ੍ਰਚੂਨ ਵਿਕਰੀ ਦੇ ਘੱਟੋ-ਘੱਟ ਰੇਟ ਫਿਕਸ ਕੀਤੇ ਜਾਂਦੇ ਹਨ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਠੇਕੇਦਾਰ ਇੱਕ ਦੂਜੇ ਨਾਲ price war ਵਿੱਚ ਨਾ ਪੈਣ ਅਤੇ ਸਰਕਾਰ ਦਾ ਮਾਲੀਆ ਸੁਰੱਖਿਅਤ ਰਹੇ। ਇਹ ਮਿਨਿਮਮ ਰਿਟੇਲ ਪ੍ਰਾਈਸ ਸਰਕਾਰ ਵੱਲੋਂ ਵੱਖ-2 ਲੈਵੀਜ ਅਤੇ ਹੋਰ ਸਬੰਧਤ ਤੱਥਾਂ ਨੂੰ ਧਿਆਨ ਵਿੱਚ ਰੱਖਕੇ ਨਿਰਧਾਰਿਤ ਕੀਤੇ ਜਾਂਦੇ ਹਨ। ਪੰਜਾਬ ਵਿੱਚ ਵਿਕਣ ਵਾਲੀ ਅੰਗਰੇਜ਼ੀ ਸ਼ਰਾਬ, ਬੀਅਰ ਅਤੇ ਦੇਸੀ ਸ਼ਰਾਬ ਦੇ 50 ਡਿਗਰੀ, 65 ਡਿਗਰੀ ਅਤੇ 75 ਡਿਗਰੀ ਲਈ ਪ੍ਰਤੀ ਬੋਤਲ ਤਜਵੀਜ਼ਤ ਮੀਨੀਮਮ ਰਿਟੇਲ ਪ੍ਰਾਈਸ ਅਤੇ ਇਨ੍ਹਾਂ ਨੂੰ ਨਿਰਧਾਰਤ ਕਰਨ ਦਾ ਫਾਰਮੂਲਾ ***ਹੇਠ ਲਿਖੇ ਅਨੁਸਾਰ*** ਹੈ:-

**Indicative Formula for determining minimum retail Sale rates**

| Sr.No. | Type of liquor | 2019-20 |
|---|---|---|
| 1 | PML 50 degree, 65 degree and 75 degrees except areas at Sr. No. 2 below | (EDP + Excise Duty payable at L-13 + VAT + L-13 expenses + Excise Duty payable at L-14A stage + Special License fee) + 22 % margin and then to be rounded off to next rupee |
| 2 | PML 50 degree, 65 degree and 75 degrees for Ludhiana, Jalandhar, Patiala and Amritsar districts. | Minimum Retail Price as per 1 above (without rounding off) + 3% and then to be rounded off to lower rupee |
| 3 | Indian made foreign liquor | (EDP + Excise Duty payable at L-1 stage + indicative L-1 margin of 5 % of EDP + VAT + Excise Duty payable at L-2 stage + Special License fee) + 22 % margin (to be rounded off to next rupee) |
| 4 | Beer | (EDP + Excise Duty payable at L-1 stage + indicative L-1 margin of 5 % of EDP + VAT + Excise Duty payable at L-2 stage) + 22 % margin (to be rounded off to next rupee) |

ਇਸ ਤੋਂ ਇਲਾਵਾ, ਦੇਸੀ ਸ਼ਰਾਬ ਦਾ ਵੱਧ ਤੋਂ ਵੱਧ ਰੇਟ ਘੱਟ ਤੋਂ ਘੱਟ ਰੇਟ ਤੋਂ 12.5% ਤੱਕ ਰੱਖਿਆ ਗਿਆ ਹੈ । ਐਲ.2/ਐਲ.14ਏ ਲਸੰਸੀ ਲਈ ਲਾਇਸਸਿੰਗ ਯੂਨਿਟ/ਵੈਂਡ ਤੇ ਵਿਕਣ ਵਾਲੀ ਸ਼ਰਾਬ ਦਾ ਕੈਸ਼ ਮੀਮੋ ਗ੍ਰਾਹਕ ਨੂੰ ਜਾਰੀ ਕਰਨਾ ਲਾਜਮੀ ਹੋਵੇਗਾ। ਠੇਕੇਦਾਰ ਲਈ ਇਹ ਲਾਜਮੀ ਹੋਵੇਗਾ ਕਿ ਉਹ ਆਪਣੇ ਲਾਇਸਸਿੰਗ ਯੂਨਿਟ/ਵੈਂਡ ਤੇ ਪਾਪੂਲਰ ਬਰਾਂਡਾਂ ਦੇ ਰੇਟ ਉੱਘੇ ਤੌਰ ਤੇ ਡਿਸਪਲੇ ਕਰੇ। ਇਸ ਤੋਂ ਇਲਾਵਾ, ਸਮੇ-ਸਮੇ ਤੇ ਲੋੜ ਅਨੁਸਾਰ, ਕਿਸੇ ਬਰਾਂਡ ਦੇ ਰੇਟ ਡਿਸਪਲੇ ਲਈ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ। ਉਪਰੋਕਤ ਦਰਸਾਏ ਫਾਰਮੂਲੇ ਅਨੁਸਾਰ ਐਮ.ਆਰ.ਪੀ. ਨੂੰ ਕੈਲਕੁਲੇਟ ਕੀਤੀ ਜਾਵੇਗੀ। ਜੇਕਰ ਕੋਈ ਲਸੰਸੀ ਅਨੁਲੱਗ ਵਿੱਚ ਦਿੱਤੇ ਫਾਰਮੂਲੇ ਅਨੁਸਾਰ ਬਣਦੇ ਰੇਟਾਂ ਤੋਂ ਘੱਟ ਰੇਟਾਂ ਤੇ ਸ਼ਰਾਬ ਵੇਚਦਾ ਹੈ ਤਾਂ ਉਸ ਵਿਰੁੱਧ ਆਬਕਾਰੀ ਰੂਲਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਇਸ ਤੋਂ ਇਲਾਵਾ, ਜੇਕਰ ਕਿਸੇ ਸ਼ਰਾਬ ਦੇ ਲਾਇਸਸਿੰਗ ਯੂਨਿਟ/ਵੈਂਡ ਤੇ ਕੋਈ unaccounted ਸ਼ਰਾਬ (ਜਿਸਤੇ ਆਬਕਾਰੀ ਡਿਊਟੀ ਅਦਾ ਨਾ ਕੀਤੀ ਗਈ ਹੋਵੇ, ਜਿਸਤੇ

ਲਾਗੂ ਹੋਰ ਫੀਸ ਅਦਾ ਨਾ ਕੀਤੀ ਗਈ ਹੋਵੇ, ਜੋ ਸ਼ਰਾਬ ਅਣਅਧਿਕਾਰਤ ਤੌਰ ਤੇ ਕਿਸੇ ਦੂਸਰੇ ਗਰੁੱਪ ਤੋਂ ਪ੍ਰਾਪਤ ਕੀਤੀ ਗਈ ਹੋਵੇ ਆਦਿ) ਪਾਈ ਜਾਂਦੀ ਹੈ ਤਾਂ ਉਸ ਕੇਸ ਵਿੱਚ ਬਰਾਮਦ ਹੋਈ ਸ਼ਰਾਬ ਉਪਰ ਪੰਜਾਬ ਰਾਜ ਵਿੱਚ ਅਦਾ ਕਰਨ ਯੋਗ ਡਿਊਟੀ ਅਤੇ ਲਾਗੂ ਫੀਸਾਂ ਦੀ ਦੁੱਗਣੀ ਰਕਮ ਵਸੂਲੀ ਜਾਵੇਗੀ ਅਤੇ ਨਾਲ ਹੀ ਘੱਟੋ-ਘੱਟ 10 ਲੱਖ ਰੁਪਏ ਜੁਰਮਾਨਾ ਵਸੂਲਿਆ ਜਾਵੇਗਾ। ਜੇਕਰ ਦੂਜੀ ਵਾਰੀ ਉਸ ਗਰੁੱਪ ਦੇ ਕਿਸੇ ਵੈਂਡ ਉਪਰ ਅਜਿਹੀ unaccounted ਸ਼ਰਾਬ ਫੜੀ ਜਾਂਦੀ ਹੈ ਤਾਂ ਸਾਲ ਦੇ ਬਾਕੀ ਰਹਿੰਦੇ ਸਮੇਂ ਲਈ ਲਸੰਸ ਕੈਂਸਿਲ ਕਰ ਦਿੱਤਾ ਜਾਵੇਗਾ ਅਤੇ ਜਮ੍ਹਾਂ ਕਰਵਾਈ ਫਿਕਸਡ ਲਾਇਸੰਸ ਫੀਸ ਅਤੇ ਵਾਧੂ ਫਿਕਸਡ ਲਾਇਸੰਸ ਫੀਸ ਜਬਤ ਹੋ ਜਾਵੇਗੀ।

32.0 **ਮੈਰਿਜ ਪੈਲਿਸ ਵਿੱਚ ਵਿਕਰੀ ਦੇ ਰੇਟ:-** ਮੈਰਿਜ ਪੈਲਿਸਾਂ/ਬੈਂਕੁਅਟ ਹਾਲਾਂ ਆਦਿ ਵਿੱਚ ਫੰਕਸ਼ਨ ਕਰਨ ਲਈ ਐਲ.50ਏ ਪਰਮਿਟ ਹੋਲਡਰ ਨੂੰ ਸ਼ਰਾਬ ਸਬੰਧਤ ਆਬਕਾਰੀ ਸਰਕਲ ਜਾਂ ਸਬੰਧਤ ਕਾਰਪੋਰੇਸ਼ਨ ਖੇਤਰ ਦੇ ਕਿਸੇ ਵੀ ਠੇਕੇ ਤੋਂ ਖਰੀਦਣ ਦੀ ਇਜਾਜਤ ਦਿੱਤੀ ਗਈ ਹੈ। ਐਲ.2 ਲਸੰਸੀ ਮੈਰਿਜ ਪੈਲਿਸਾਂ/ਬੈਂਕੁਅਟ ਹਾਲਾਂ ਆਦਿ ਵਿੱਚ ਐਲ.50ਏ ਪਰਮਿਟ ਵਿਰੁੱਧ ਸਰਵ ਹੋਣ ਵਾਲੀ ਸ਼ਰਾਬ ਨੂੰ ਅੰਗ੍ਰੇਜ਼ੀ ਸ਼ਰਾਬ ਦੀ ਮਿਨਿਮਮ ਰਿਟੇਲ ਪ੍ਰਾਈਸ ਤੋਂ ਵੱਧ ਤੇ ਨਹੀਂ ਵੇਚ ਸਕੇਗਾ। ਜੇਕਰ ਕੋਈ ਲਾਇਸੰਸੀ ਇਨ੍ਹਾਂ ਮਿਨਿਮਮ ਰੇਟਾਂ ਤੋਂ ਵੱਧ ਤੇ ਸ਼ਰਾਬ ਵੇਚਦਾ ਪਾਇਆ ਜਾਂਦਾ ਹੈ ਤਾਂ ਉਸਤੇ ਇੱਕ ਲੱਖ ਰੁਪਏ ਜੁਰਮਾਨਾ ਲਗਾਉਣ ਦਾ ਉਪਬੰਧ ਹੈ। ਦੂਜੀ ਵਾਰ ਇਸ ਉਪਬੰਧ ਦੀ ਉਲੰਘਣਾ ਤੇ ਜੁਰਮਾਨਾ ਦੁੱਗਣਾ ਹੋ ਜਾਵੇਗਾ ਅਤੇ ਤੀਜੀ ਉਲੰਘਣਾ ਤੇ ਉਸ ਦੀ ਵੈਂਡ ਇੱਕ ਮਹੀਨੇ ਲਈ ਬੰਦ ਕਰ ਕਰਨ ਦਾ ਉਪਬੰਧ ਹੈ।

33.0 **ਮੈਰਿਜ ਪੈਲਿਸਾਂ ਦੀਆਂ ਕੈਟਾਗਰੀਆਂ ਸਬੰਧੀ** - ਮੈਰਿਜ ਪੈਲੇਸ ਅਤੇ ਬੈਂਕਟ ਹਾਲ ਤੋਂ ਹੇਠ ਲਿਖੇ ਅਨੁਸਾਰ ਲਾਇਸੰਸ ਫੀਸ (ਐਲ.5ਡੀ) ਅਤੇ ਪਰਮਿਟ ਫੀਸ (ਐਲ.50ਏ) ਚਾਰਜ ਕੀਤੇ ਜਾਣਗੇ:-

| **ਲੜੀ ਨੰ:** | **ਕੈਟਾਗਰੀ** | **ਐਲ.5 ਡੀ ਦੀ ਸਲਾਨਾ ਲਾਇਸੰਸ ਫੀਸ** | **ਐਲ.50 ਏ ਪਰਮਿਟ ਫੀਸ (ਪ੍ਰਤੀ ਦਿਨ ਪ੍ਰਤੀ ਫੰਕਸ਼ਨ)** |
|---|---|---|---|
| 1. | ਕਮਰਸਿਅਲ ਥਾਂਵਾਂ, ਜਿਵੇਂ ਕਿ ਮੈਰਿਜ ਪੈਲਿਸ, ਬੈਂਕੁਅਟ ਹਾਲ, ਕਮਿਉਨਿਟੀ ਸੈਂਟਰ, ਧਰਮਸਾਲਾ ਆਦਿ, ਜੋ ਪ੍ਰਤੀ ਫੰਕਸਨ 1,00,000/- ਰੁਪਏ ਤੱਕ ਚਾਰਜ ਕਰਦੇ ਹਨ, ਦੀ ਸਲਾਨਾ | 25,000 | 5,000 |

| | | | |
|---|---|---|---|
| | ਰਜਿਸਟਰੇਸਨ ਫੀਸ | | |
| 2. | ਕਮਰਸਿਅਲ ਥਾਂਵਾਂ, ਜਿਵੇਂ ਕਿ ਮੈਰਿਜ ਪੈਲਿਸ, ਬੈਂਕੁਅਟ ਹਾਲ, ਕਮਿਉਨਿਟੀ ਸੈਂਟਰ, ਧਰਮਸਾਲਾ ਆਦਿ, ਜੋ ਪ੍ਰਤੀ ਫੰਕਸਨ 1,00,001/- ਤੋਂ 2,00,000/- ਰੁਪਏ ਤੱਕ ਚਾਰਜ ਕਰਦੇ ਹਨ, ਦੀ ਸਲਾਨਾ ਰਜਿਸਟਰੇਸਨ ਫੀਸ | 50,000 | 7,500 |
| 3. | ਕਮਰਸਿਅਲ ਥਾਂਵਾਂ, ਜਿਵੇਂ ਕਿ ਮੈਰਿਜ ਪੈਲਿਸ, ਬੈਂਕੁਅਟ ਹਾਲ, ਕਮਿਉਨਿਟੀ ਸੈਂਟਰ, ਧਰਮਸਾਲਾ ਆਦਿ, ਜੋ ਪ੍ਰਤੀ ਫੰਕਸਨ 2,00,000/- ਰੁਪਏ ਤੋਂ ਵੱਧ ਚਾਰਜ ਕਰਦੇ ਹਨ, ਦੀ ਸਲਾਨਾ ਰਜਿਸਟਰੇਸਨ ਫੀਸ | 1,00,000 | 10,000 |
| 3. | ਕਿਸੇ ਵਿਅਕਤੀ ਨੇ ਜੇਕਰ ਕਮਰਸ਼ਿਅਲ ਥਾਂਵਾਂ ਜਿਹੜੀਆਂ ਕਿ ਆਬਕਾਰੀ ਵਿਭਾਗ ਕੋਲ ਰਜਿਸਟਰਡ ਨਹੀਂ ਹੋਣਗੀਆਂ, ਵਿੱਚ ਸਰਾਬ ਵਰਤਾਉਣ ਲਈ ਨਿਰਧਾਰਤ ਫੀਸ, ਪਰ ਇਨ੍ਹਾਂ ਥਾਵਾਂ ਤੇ ਇੱਕ ਮਹੀਨੇ ਵਿੱਚ 5 ਤੋਂ ਵੱਧ ਲਾਇਸੰਸ ਨਹੀਂ ਦਿੱਤੇ ਜਾਣਗੇ। | | 10,000/- |
| 4. | ਕਿਸੇ ਵਿਅਕਤੀ ਵੱਲੋਂ ਪ੍ਰਾਈਵੇਟ ਜਗ੍ਹਾ ਉੱਪਰ ਸਰਾਬ ਵਰਤਾਉਣ ਲਈ ਨਿਰਧਾਰਿਤ ਫੀਸ | | 2,000/- |

**34.0 ਐਕਸਾਈਜ ਐਡਹੈਸਿਵ ਲੇਬਲ (EAL) :-** ਸਾਲ 2019-20 ਵਿੱਚ ਪਿਛਲੇ ਸਾਲ ਦੀ ਤਰਾਂ ਹੀ EALs ਲਗਾਏ ਜਾਣਗੇ। ਸਾਲ ਦੌਰਾਨ ਸਰਾਬ ਦੀ ਪ੍ਰੋਡਕਸਨ, ਡਿਸਪੈਚ, ਟਰਾਂਸਪੋਰਟ ਅਤੇ ਸੇਲ ਨੂੰ ਮੋਨੀਟਰ ਕਰਨ ਦਾ ਉਪਰਾਲਾ ਕੀਤਾ ਜਾਵੇਗਾ।

**35.0 ਸੀ.ਸੀ.ਟੀ.ਵੀ. ਕੈਮਰੇ**:- ਪਿਛਲੇ ਸਾਲ ਦੀ ਤਰ੍ਹਾਂ ਹੀ ਡਿਸਟਿਲਰੀਜ, ਬਰੀਵਰੀਜ ਅਤੇ ਬਾਟਲਿੰਗ ਪਲਾਂਟ ਉੱਪਰ ਸੀ.ਸੀ.ਟੀ.ਵੀ. ਕੈਮਰੇ ਚਾਲੂ ਰੱਖੇ ਜਾਣਗੇ । ਜਰੂਰਤ ਮਹਿਸੂਸ ਹੋਣ ਤੇ ਉਪ ਆਬਕਾਰੀ ਤੇ ਕਰ -ਕਮ-ਕੁਲੈਕਟਰ ਆਪਣੇ ਅਧਿਕਾਰ ਖੇਤਰ ਵਿੱਚ ਕਿਸੇ ਵੀ ਲਸੰਸੀ ਨੂੰ ਉਸਦੇ ਅਦਾਰੇ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦੀ ਹਦਾਇਤ ਕਰ ਸਕਦੇ ਹਨ, ਜੋ ਕਿ ਉਸਨੂੰ ਮੰਨਣੀ ਪਵੇਗੀ ਅਤੇ ਇਸਦਾ ਖਰਚ ਲਸੰਸੀ ਵੱਲੋਂ ਉਠਾਇਆ ਜਾਵੇਗਾ। ਉਪ ਆਬਕਾਰੀ ਤੇ ਕਰ ਕਮਿਸ਼ਨਰ (ਡਿਸਟਿਲਰੀ) ਇਹ ਸੁਨਿਸ਼ਚਿਤ ਕਰਨਗੇ ਕਿ ਹਰ

ਡਿਸਟਿਲਰੀ ਅਤੇ ਬਾਟਲਿੰਗ ਪਲਾਂਟ ਵਿੱਚ ਜਿਥੇ ਸ਼ਰਾਬ ਦੀ ਬਾਟਲਿੰਗ (ਬਾਟਲਿੰਗ ਹਾਲ) ਕੀਤੀ ਜਾਂਦੀ ਹੈ, ਤੇ ਨਿਗਰਾਨੀ ਲਈ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣਗੇ ਅਤੇ ਇਸਦਾ ਖਰਚਾ ਲਸੰਸੀ ਵੱਲੋਂ ਉਠਾਇਆ ਜਾਵੇਗਾ।

36.0 **ਬੀ.ਆਈ.ਓ ਬਰਾਂਡ:** ਵਿਦੇਸ਼ੀ ਸ਼ਰਾਬ ਤੇ ਐਕਸਟਰਾ ਲਾਇਸੰਸ ਫੀਸ ਅਤੇ ਵਿਦੇਸ਼ੀ ਬੀਅਰ ਤੇ ਐਲ.1(ਇੰਪੋਰਟ) ਪੱਧਰ ਤੇ ਕ੍ਰਮਵਾਰ 330/- ਰੁਪਏ ਪ੍ਰਤੀ ਪਰੂਫ ਲੀਟਰ ਅਤੇ ਇੰਪੋਰਟਡ ਬੀਅਰ ਤੇ 66/- ਪ੍ਰਤੀ ਬੀ.ਐਲ. ਦੀ ਦਰ ਤੇ ਅਸੈੱਸਡ ਫੀਸ ਚਾਰਜ ਕੀਤੀ ਜਾਵੇਗੀ। ਇਸ ਸਬੰਧੀ ਐਲ-2 ਲਸੰਸੀ ਨੂੰ ਐਲ-1(ਇੰਪੋਰਟ) ਤੇ ਜਮ੍ਹਾਂ ਹੋਣ ਵਾਲੀ ਅਸੈਸਡ ਫੀਸ ਦੀ ਵਾਧੂ ਫਿਕਸਡ ਲਸੰਸ ਫੀਸ ਵਿੱਚ ਅਡਜਸਟਮੈਂਟ ਬਾਰੇ ਅਪਣਾਈ ਜਾਣ ਵਾਲੀ ਵਿੱਧੀ ਸਬੰਧੀ ਹਦਾਇਤਾਂ ਵੱਖਰੇ ਤੌਰ ਤੇ ਜਾਰੀ ਕੀਤੀ ਜਾਣਗੀਆਂ।

37.0 **ਸਾਲ 2018-19 ਦੌਰਾਨ ਅਣ ਵਿਕੇ ਸ਼ਰਾਬ ਦੇ ਸਟਾਕ/ਕੋਟੇ ਨੂੰ ਅਗਲੇ ਵਿੱਤੀ ਸਾਲ ਵਿੱਚ ਕੈਰੀਫਾਰਵਰਡ ਕਰਨ ਬਾਰੇ :** ਹਰ ਸਾਲ ਲਸੰਸੀਆਂ ਦਾ ਕੁੱਝ ਕੋਟਾ ਅਣਵਿਕਿਆਂ ਰਹਿ ਜਾਂਦਾ ਹੈ, ਜਿਸਨੂੰ ਉਹ ਅਗਲੇ ਸਾਲ ਕੈਰੀਫਾਰਵਡ ਕਰਦਾ ਹੈ। ਸਾਲ 2019-20 ਦੀ ਆਬਕਾਰੀ ਨੀਤੀ ਵਿੱਚ ਕੋਈ ਵੀ ਲਸੰਸੀ ਸਾਲ 2018-19 ਦੌਰਾਨ ਬਣੀ ਹੋਈ ਸ਼ਰਾਬ ਹੀ ਅਗਲੇ ਸਾਲ ਭਾਵ 2019-20 ਲਈ ਟਰਾਂਸਫਰ ਕਰਵਾ ਸਕੇਗਾ। ਇਸ ਮੰਤਵ ਲਈ ਉਸ ਨੂੰ ਦੇਸੀ ਸ਼ਰਾਬ ਲਈ 25/- ਰੁਪਏ ਪ੍ਰਤੀ ਪਰੂਫ ਲੀਟਰ, ਅੰਗਰੇਜੀ ਸ਼ਰਾਬ ਲਈ 40/- ਰੁਪਏ ਪ੍ਰਤੀ ਪਰੂਫ ਲੀਟਰ ਅਤੇ ਬੀਅਰ ਲਈ 10/- ਰੁਪਏ ਪ੍ਰਤੀ ਬਲਕ ਲੀਟਰ ਬਤੌਰ ਸਟਾਕ ਟਰਾਂਸਫਰ ਫੀਸ ਜਮ੍ਹਾਂ ਕਰਵਾਉਣੇ ਹੋਣਗੇ। ਇਹ ਸ਼ਰਾਬ ਮਿਨੀਮਮ ਗਰੰਟੀਡ ਕੋਟੇ ਦਾ ਹਿੱਸਾ ਨਹੀ ਬਣੇਗੀ। ਪ੍ਰੰਤੂ ਟਰਾਂਸਫਰ ਫੀਸ ਨੂੰ ਲਸੰਸੀ ਉਸ ਦੁਆਰਾ ਜਮ੍ਹਾਂ ਕਰਵਾਈ ਵਾਧੂ ਫਿਕਸਡ ਲਸੰਸ ਫੀਸ ਵਿੱਚ ਅਡਜਸਟ ਕਰਵਾ ਸਕੇਗਾ। ਲਸੰਸੀ ਇਹ ਕੈਰੀ ਫਾਰਵਡ ਸਟਾਕ ਸਿਰਫ ਅਪ੍ਰੈਲ ਅਤੇ ਮਈ ਮਹੀਨੇ ਦੇ ਦੌਰਾਨ ਹੀ ਵੇਚੇਗਾ। ਮਈ ਉਪਰੰਤ ਇਸਨੂੰ ਵੇਚਣ ਦੀ ਪ੍ਰਵਾਨਗੀ ਨਹੀਂ ਹੋਵੇਗੀ। ਇਹ ਸਟਾਕ ਪੁਰਾਣਾ ਲਸੰਸੀ ਆਪਣੀ ਇੱਛਾ ਅਨੁਸਾਰ ਕਿਸੇ ਨਵੇਂ ਲਸੰਸੀ ਨੂੰ ਟਰਾਂਸਫਰ ਵੀ ਕਰਵਾ ਸਕੇਗਾ।

38.0 (ੳ) **ਕਾਓ ਸੈੱਸ** - ਕਾਉ ਸੈੱਸ ਦੇ ਇਵਜ ਵਿੱਚ ਸਾਰੇ ਸ਼ਹਿਰੀ ਖੇਤਰਾਂ ਵਿੱਚ ਦੇਸੀ ਅਤੇ ਅੰਗ੍ਰੇਜੀ ਸਰਾਬ ਤੇ 5/- ਪ੍ਰਤੀ ਪਰੂਫ ਲੀਟਰ ਦੀ ਦਰ ਨਾਲ ਸਪੈਸਲ ਲਾਇਸੰਸ ਫੀਸ ਲਗਾਈ ਗਈ ਹੈ। ਇਸ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਸਰਕਾਰੀ ਖਜਾਨੇ ਵਿੱਚ ਜਮ੍ਹਾਂ ਕਰਵਾਈ

ਜਾਵੇਗੀ, ਜਿਸਨੂੰ ਵਿੱਤ ਵਿਭਾਗ ਰਾਜ ਵਿੱਚ ਸਥਾਪਤ ਮਿਉਂਸਿਪਲ ਕਾਰਪੋਰੇਸ਼ਨਾਂ, ਮਿਉਂਸਪਲ ਕਮੇਟੀਆਂ ਆਦਿ ਨੂੰ ਟਰਾਂਸਫਰ ਕੀਤਾ ਜਾਵੇਗਾ।

(ਅ) ਸਪੈਸਲ ਲਾਇਸੰਸ ਫੀਸ - ਇਸੇ ਤਰ੍ਹਾਂ ਪੇਂਡੂ ਖੇਤਰਾਂ ਵਾਸਤੇ ਦੇਸੀ ਅਤੇ ਅੰਗ੍ਰੇਜ਼ੀ ਸ਼ਰਾਬ ਤੇ 5/- ਰੁਪਏ ਪ੍ਰਤੀ ਪਰੂਫ ਲੀਟਰ ਦੀ ਦਰ ਨਾਲ ਸਪੈਸ਼ਲ ਲਾਇਸੰਸ ਫੀਸ ਲਗਾਈ ਗਈ ਹੈ ਜੋਕਿ ਪੇਂਡੂ ਖੇਤਰਾਂ ਵਿੱਚ ਮਵੇਸ਼ੀ, ਸਿਹਤ, ਕ੍ਰਿਸ਼ੀ ਅਤੇ ਸਵੱਛਤਾ ਅਭਿਆਨ ਮੰਤਵਾਂ ਲਈ ਵਰਤੀ ਜਾਵੇਗੀ।

39.0 **ਬਾਰ ਲਾਇਸੰਸ ਦੀਆਂ ਸ਼ਰਤਾਂ ਅਸਾਨ ਕਰਨ ਸਬੰਧੀ** - (ੳ) ਸਾਲ 2019-20 ਦੀ ਨੀਤੀ ਵਿੱਚ ਇਹ ਉਪਬੰਧ ਹੈ ਕਿ ਕੋਈ ਵੀ ਬਾਰ ਲਸੰਸੀ ਆਪਣੀ ਮੰਜ਼ੂਰਸ਼ੁਦਾ ਜਗ੍ਹਾ ਵਿੱਚ ਨਿਰਧਾਰਤ ਫੀਸ ਦੇ ਕੇ ਅਡੀਸ਼ਨਲ ਕਾਉਂਟਰ ਮੰਜ਼ੂਰ ਕਰਵਾ ਸਕਦਾ ਹੈ। ਆਮ ਤੌਰ ਤੇ ਵੱਡੇ ਹੋਟਲਾਂ/ਕਲੱਬਾਂ ਵਿੱਚ ਇੱਕ ਤੋਂ ਵੱਧ ਥਾਵਾਂ ਤੇ ਸ਼ਰਾਬ ਦਾ ਸੇਵਨ ਹੁੰਦਾ ਹੈ।

**(ਅ) ਪੰਜ ਤਾਰਾ ਅਤੇ ਉਸ ਤੋਂ ਉੱਪਰ ਹੋਟਲਾਂ ਲਈ ਵਿਸ਼ੇਸ਼ ਉਪਬੰਧ :** ਇਹ ਮਹਿਸੂਸ ਕੀਤਾ ਗਿਆ ਹੈ ਕਿ ਪੰਜ ਤਾਰਾ ਕੈਟਾਗਰੀ ਹੋਟਲਾਂ ਦੇ ਬੈਕੁਅਟ ਹਾਲਾਂ/ਕਾਨਫਰੰਸ ਹਾਲਾਂ/ਕਮੇਟੀ ਰੂਮਾਂ ਆਦਿ ਵਿੱਚ ਕਦੇ ਕਦਾਈਂ ਕਿਸੇ ਫੰਕਸ਼ਨ ਵਿੱਚ ਸ਼ਰਾਬ ਸਰਵ ਕਰਨ ਦੀ ਲੋੜ ਪੈ ਜਾਂਦੀ ਹੈ, ਜੋ ਕਿ ਆਮ ਤੌਰ ਤੇ ਉਨ੍ਹਾਂ ਦੇ ਸੇਲ ਪੁਆਇੰਟ ਨਹੀ ਹੁੰਦੇ। ਅਜਿਹੇ ਕੇਸਾਂ ਵਿੱਚ ਲਸੰਸੀ 3.00 ਲੱਖ ਰੁਪਏ ਦੀ ਸਾਲਾਨਾ ਵਾਧੂ ਫੀਸ ਭਰਾ ਕੇ ਅਜਿਹੀ ਥਾਵਾਂ ਤੇ ਆਪਣੇ ਮੰਜ਼ੂਰਸ਼ੁਦਾ ਬਾਰ ਤੋਂ ਸ਼ਰਾਬ ਸਰਵ ਕਰ ਸਕੇਗਾ।

(ੲ) ਖਾਸ ਹਾਲਾਤਾਂ ਵਿੱਚ ਬਾਰ ਦਾ ਲਸੰਸ ਜਾਰੀ ਕਰਨ ਲਈ ਮੌਜੂਦਾ ਰੂਲਾਂ ਦੀ ਕਿਸੇ ਇੱਕ ਜਾਂ ਸਾਰੀਆਂ ਸ਼ਰਤਾਂ ਤੋਂ ਛੋਟ ਦੇਣ ਲਈ ਪੂਰੇ ਅਖਤਿਆਰ ਸਰਕਾਰ ਕੋਲ ਜੀ ਹੋਣਗੇ।

